Answer key ਤੇ ਆਪਣੇ ਇਤਰਾਜ਼ 1-3-2018 ਤਕ director.scert@yahoo.in ਤੇ log in ਕੀਤੇ ਜਾ ਸਕਦੇ ਹਨ

# ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ, ਮੋਹਾਲੀ

# S.C.E.R.T., PUNJAB, MOHALI

**ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ, 2017**

**Punjab State Talent Search Examination, 2017**

directoe scert@yahoo.in ਤੇ ਭੇਜੇ ਜਾ ਸਕਦੇ ਹਨ

## ਜਮਾਤ ਦਸਵੀਂ (Class X)

# MENTAL ABILITY AND SCHOLASTIC APTITUDE TEST
# ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਦੀ ਪ੍ਰੀਖਿਆ

**ਸਮਾਂ : 3 ਘੰਟੇ** | **ਕੁੱਲ ਅੰਕ : 180**

**ਉਮੀਦਵਾਰਾਂ ਲਈ ਹਦਾਇਤਾਂ :**

1. ਇਸ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਵਿੱਚ ਮਾਨਸਿਕ ਯੋਗਤਾ ਦੇ ਟੈਸਟ (MAT) ਵਿੱਚ 50 ਪ੍ਰਸ਼ਨ ਹਨ।
2. ਵਿਸ਼ਿਆਂ ਦੀ ਯੋਗਤਾ ਦੇ ਟੈਸਟ (SAT) ਵਿੱਚ 90 ਪ੍ਰਸ਼ਨ ਹਨ।
3. ਭਾਸ਼ਾ (ਅੰਗ੍ਰੇਜ਼ੀ, ਹਿੰਦੀ, ਪੰਜਾਬੀ) ਵਿੱਚ 40 ਪ੍ਰਸ਼ਨ ਹਨ।
4. ਵਿਸ਼ਿਆਂ ਦੀ ਯੋਗਤਾ ਅਤੇ ਭਾਸ਼ਾ ਵਿੱਚ ਗਿਆਰ੍ਹਾਂ ਵਿਸ਼ੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਹੈ–

   i) ਭੌਤਿਕ ਵਿਗਿਆਨ     ii) ਰਸਾਇਣ ਵਿਗਿਆਨ

   iii) ਜੀਵ ਵਿਗਿਆਨ     iv) ਭੂਗੋਲ

   v) ਇਤਿਹਾਸ     vi) ਨਾਗਰਿਕ ਸ਼ਾਸਤਰ

   vii) ਅਰਥ ਸ਼ਾਸਤਰ     viii) ਗਣਿਤ

   ix) ਅੰਗ੍ਰੇਜ਼ੀ     x) ਹਿੰਦੀ

   xi) ਪੰਜਾਬੀ

4. ਹਰ ਇੱਕ ਪ੍ਰਸ਼ਨ ਦਾ ਇੱਕ ਅੰਕ ਹੈ। ਸਾਰੇ ਪ੍ਰਸ਼ਨ ਜ਼ਰੂਰੀ ਹਨ।
5. ਤੁਹਾਨੂੰ ਇਸ ਪ੍ਰਸ਼ਨ ਪੱਤਰ ਲਈ ਉੱਤਰ ਸ਼ੀਟ ਦਿੱਤੀ ਗਈ ਹੈ। ਉੱਤਰ ਸ਼ੀਟ (ਓ ਐਮ ਆਰ) ਵਿੱਚ ਪ੍ਰਸ਼ਨ ਦੇ ਸਹੀ ਉੱਤਰ ਨੂੰ ਕਾਲੇ/ਨੀਲੇ ਬਾੱਲ ਪੈਨ ਨਾਲ ਗੋਲੇ ਨੂੰ ਪੂਰਾ ਭਰ ਕੇ ਦਰਸਾਓ।
6. ਕੱਚਾ ਕੰਮ ਪ੍ਰਸ਼ਨ ਪੱਤਰ ਤੇ ਦਿੱਤੀ ਗਈ ਖਾਲੀ ਥਾਂ ਤੇ ਕਰਨਾ ਹੈ।
7. ਇਸ ਪ੍ਰਸ਼ਨ ਪੱਤਰ ਵਿੱਚ ਰਿਣਾਤਮਕ (ਨੈਗੇਟਿਵ) ਮਾਰਕਿੰਗ ਨਹੀਂ ਹੈ।
8. **ਉੱਤਰ ਸ਼ੀਟ (OMR Sheet) ਤੇ ਵਾਈਟ ਫਲਿਊਡ ਦੀ ਵਰਤੋਂ ਦੀ ਮਨਾਹੀ ਹੈ।**

**Rough Work / ਕੱਚਾ ਕੰਮ**

# ਮਾਨਸਿਕ ਯੋਗਤਾ ਟੈਸਟ (MAT)

**ਨਿਰਦੇਸ਼ ਪ੍ਰਸ਼ਨ (1-2) ਵਿੱਚ ਅੰਕਾਂ ਦੀ ਦਿੱਤੀ ਗਈ ਲੜੀ ਵਿੱਚ ਖਾਲ੍ਹੀ ਜਗ੍ਹਾ ਭਰਨ ਲਈ ਵਿਕਲਪਾਂ ਵਿੱਚੋਂ ਚੋਣ ਕਰੋ।**

1. 98, 72, 14, ............................

| | |
|---|---|
| 1) 10 | 2) 8 |
| 3) 6 | 4) 4 |

2. 2, 3, 5, 8, 12, 17, ............................

| | |
|---|---|
| 1) 23 | 2) 19 |
| 3) 18 | 4) 25 |

3. ਕਿਸੇ ਕੋਡ ਭਾਸ਼ਾ ਵਿੱਚ ABCD ਨੂੰ ZYXW ਲਿਖਿਆ ਜਾਂਦਾ ਹੈ ਤਾਂ ਉਸ ਭਾਸ਼ਾ ਵਿੱਚ ਸ਼ਬਦ DANCE ਨੂੰ ਕਿਵੇਂ ਲਿਖਿਆ ਜਾਵੇਗਾ?

| | |
|---|---|
| 1) MZWXV | 2) MXZWV |
| 3) WZMXV | 4) VMZXW |

**ਨਿਰਦੇਸ਼ - ਪ੍ਰਸ਼ਨ (4-5) ਵਿੱਚ ਦਿੱਤੇ ਗਏ ਅੱਖਰ/ਅੰਕ ਇੱਕ ਨਿਸ਼ਚਿਤ ਰੂਪ ਰੇਖਾ ਵਿੱਚ ਲਿਖੇ ਗਏ ਹਨ। ਇਸ ਰੂਪ ਰੇਖਾ ਨੂੰ ਪੂਰਾ ਕਰਨ ਲਈ ਸਹੀ ਵਿਕਲਪ ਦੀ ਚੋਣ ਕਰੋ।**

4. bc _ b _ c _ b _ ccb

| | |
|---|---|
| 1) bcbc | 2) bbcb |
| 3) cbbc | 4) cbcb |

5. 0 _ _ 01 _ 01 _ 011

| | |
|---|---|
| 1) 1011 | 2) 1111 |
| 3) 0101 | 4) 0011 |

6. ਦਿੱਤੇ ਗਏ ਸ਼ਬਦ 'COMMUNICATION' ਦੇ ਅੱਖਰਾਂ ਤੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਨਹੀਂ ਬਣਾਇਆ ਜਾ ਸਕਦਾ ਹੈ?

| | |
|---|---|
| 1) MUSIC | 2) UNION |
| 3) ACTION | 4) CAUTION |


7. ਅੰਗ੍ਰੇਜ਼ੀ ਸ਼ਬਦ ਕੋਸ਼ ਅਨੁਸਾਰ ਦਿੱਤੇ ਗਏ ਸ਼ਬਦਾਂ ਵਿੱਚੋਂ ਦੂਜੇ ਸਥਾਨ ਤੇ ਕਿਹੜਾ ਸ਼ਬਦ ਆਵੇਗਾ?

| | |
|---|---|
| 1) bright | 2) baffle |
| 3) bandit | 4) brook |

8. ਹੇਠ ਲਿਖਿਆਂ ਵਿੱਚੋਂ ਦੱਸੋ ਕਿਹੜਾ ਭਿੰਨ ਹੈ।

| | |
|---|---|
| 1) ਕੰਨ | 2) ਅੱਖਾਂ |
| 3) ਫੇਫੜੇ | 4) ਦਿਲ |

**ਨਿਰਦੇਸ਼ - ਪ੍ਰਸ਼ਨ (9-10) ਵਿੱਚ ਦਿੱਤੇ ਗਏ ਚਿੱਤਰ ਤਿੰਨ ਵਸਤਾਂ ਵਿੱਚ ਸੰਬੰਧ ਦਰਸਾਉਂਦੇ ਹਨ। ਵਸਤਾਂ ਵਿੱਚ ਸਹੀ ਸੰਬੰਧ ਦਰਸਾਉਣ ਲਈ ਸਹੀ ਵਿਕਲਪ ਦੀ ਚੋਣ ਕਰੋ।**



1 2 3 4

9. ਰਸਾਇਣ ਵਿਗਿਆਨ, ਸਰੀਰਕ ਸਿੱਖਿਆ, ਭੂਗੋਲ

10. ਪੰਜਾਬ, ਹਰਿਆਣਾ, ਪਟਿਆਲਾ

**ਨਿਰਦੇਸ਼ - ਪ੍ਰਸ਼ਨ (11-12) ਵਿੱਚ ਗਣਿਤਕ ਚਿੰਨ੍ਹਾਂ ਦਾ ਕਿਹੜਾ ਸਮੂਹ Δ ਦੀ ਕ੍ਰਮਵਾਰ ਜਗ੍ਹਾ ਲਵੇਗਾ।**

11. 14 Δ 2 Δ 4 Δ 3

| | |
|---|---|
| 1) –, =, + | 2) ÷, –, = |
| 3) +, =, x | 4) –, =, ÷ |

12. 22 Δ 36 Δ 6 Δ 30 Δ 2

| | |
|---|---|
| 1) –, ÷, +, = | 2) +, –, x, = |
| 3) ÷, –, +, = | 4) +, ÷, =, – |

13. ਇੱਕ ਲੜਕੀ ਉੱਤਰ ਦਿਸ਼ਾ ਵੱਲ ਚਲ ਰਹੀ ਹੈ। ਕੁੱਲ ਦੂਰੀ ਤੈਅ ਕਰਨ ਤੋਂ ਬਾਅਦ ਉਹ ਸੱਜੇ ਪਾਸੇ ਮੁੜ ਕੇ ਕੁਝ ਦੂਰੀ ਤੈਅ ਕਰਦੀ ਹੈ ਅਤੇ ਫਿਰ ਸੱਜੇ ਪਾਸੇ ਮੁੜ ਜਾਂਦੀ ਹੈ। ਕੁਝ ਦੂਰੀ ਤੈਅ ਕਰਨ ਤੋਂ ਬਾਅਦ ਉਹ ਖੱਬੇ ਪਾਸੇ ਮੁੜ ਜਾਂਦੀ ਹੈ ਅਤੇ ਕੁਝ ਦੂਰੀ ਤੈਅ ਕਰਨ ਤੋਂ ਬਾਅਦ ਉਹ ਫਿਰ ਖੱਬੇ ਪਾਸੇ ਮੁੜ ਜਾਂਦੀ ਹੈ। ਉਹ ਲੜਕੀ ਹੁਣ ਕਿਸ ਦਿਸ਼ਾ ਵੱਲ ਚੱਲ ਰਹੀ ਹੈ?

| | |
|---|---|
| 1) ਉੱਤਰ | 2) ਦੱਖਣ ਪੱਛਮ |
| 3) ਦੱਖਣ | 4) ਪੱਛਮ |

14. ਅੰਕਾਂ ਦਾ ਅਜਿਹਾ ਸਮੂਹ ਚੁਣੋ, ਜਿਸ ਅਨੁਸਾਰ ਜੇ ਅੱਖਰਾਂ ਨੂੰ

ਤਰਤੀਬ ਦਿੱਤੀ ਜਾਵੇ ਤਾਂ ਕੋਈ ਸਾਰਥਕ ਸ਼ਬਦ ਬਣ ਜਾਵੇ।

D I F E R N

1 2 3 4 5 6

1) 1, 4, 3, 6, 2, 5 2) 6, 4, 3, 5, 2, 1
3) 3, 5, 2, 4, 6, 1 4) 5, 4, 3, 2, 6, 1

15. ਜੇਕਰ ਕਿਸੇ ਭਾਸ਼ਾ ਵਿੱਚ ਹਰੇ ਰੰਗ ਨੂੰ ਪੀਲਾ, ਪੀਲੇ ਰੰਗ ਨੂੰ ਨੀਲਾ, ਨੀਲੇ ਰੰਗ ਨੂੰ ਕਾਲਾ, ਕਾਲੇ ਰੰਗ ਨੂੰ ਲਾਲ, ਲਾਲ ਰੰਗ ਨੂੰ ਜਾਮਣੀ, ਜਾਮਣੀ ਰੰਗ ਨੂੰ ਭੂਰਾ ਕਿਹਾ ਜਾਵੇ ਤਾਂ ਉਸ ਭਾਸ਼ਾ ਵਿੱਚ ਮਨੁੱਖੀ ਖ਼ੂਨ ਦਾ ਰੰਗ ਕੀ ਹੋਵੇਗਾ?

1) ਲਾਲ 2) ਜਾਮਣੀ
3) ਨੀਲਾ 4) ਹਰਾ

16. ਦਿੱਤੀ ਗਈ ਅੰਕਾਂ ਦੀ ਲੜੀ ਵਿੱਚ ਅੰਕ '6' ਕਿੰਨੀ ਵਾਰ ਆਉਂਦਾ ਹੈ, ਜੇਕਰ ਉਸ ਤੋਂ ਪਹਿਲਾਂ ਅੰਕ '4' ਅਤੇ ਉਸ ਤੋਂ ਬਾਅਦ ਵਿੱਚ ਅੰਕ '7' ਆਉਂਦਾ ਹੋਵੇ।


1 6 3 2 2 4 6 7 5 3 8 4 6 5 1 2 4 6 7 9 6 7

1) ਇੱਕ 2) ਦੋ
3) ਤਿੰਨ 4) ਚਾਰ

17. ਜੇਕਰ ਨਤੀਜੇ ਵਿੱਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਹਰਜਿੰਦਰ ਦਾ ਉਪਰਲੇ ਪਾਸੇ ਤੋਂ ਜਮਾਤ ਵਿੱਚ 9ਵਾਂ ਸਥਾਨ ਅਤੇ ਹੇਠਾਂ ਵਾਲੇ ਪਾਸੇ ਤੋਂ 26ਵਾਂ ਸਥਾਨ ਹੋਵੇ ਤਾਂ ਦੱਸੋ ਸ਼੍ਰੇਣੀ ਵਿੱਚ ਕੁੱਲ ਕਿੰਨੇ ਵਿਦਿਆਰਥੀ ਹਨ।

1) 34 2) 35
3) 29 4) 36

**ਨਿਰਦੇਸ਼ - ਪ੍ਰਸ਼ਨ (18-21) ਹੇਠਾਂ ਦਿੱਤੇ ਗਏ ਚਿੱਤਰ ਤੇ ਅਧਾਰਿਤ ਹਨ ਵਰਗ-ਵਿਆਹੇ ਹੋਏ ਲੋਕਾਂ, ਚੱਕਰ-ਪਿੰਡ ਵਿੱਚ ਰਹਿੰਦੇ ਲੋਕਾਂ ਅਤੇ ਤ੍ਰਿਭੁਜ-ਸਕੂਲ ਅਧਿਆਪਕਾਂ ਨੂੰ ਦਰਸਾਉਂਦੇ ਹਨ।**




18. ਵਿਆਹੇ ਹੋਏ ਸਕੂਲ ਅਧਿਆਪਕ ਜੋ ਪਿੰਡਾਂ ਵਿੱਚ ਰਹਿੰਦੇ ਹਨ, ਨੂੰ ਕਿਹੜਾ ਅੱਖਰ ਦਰਸਾਉਂਦਾ ਹੈ।

1) C 2) D
3) A 4) B

19. ਵਿਆਹੇ ਹੋਏ ਲੋਕ ਜੋ ਪਿੰਡਾਂ ਵਿੱਚ ਰਹਿੰਦੇ ਹਨ ਪ੍ਰੰਤੂ ਸਕੂਲ ਅਧਿਆਪਕ ਨਹੀਂ ਹਨ ਨੂੰ ਕਿਹੜਾ ਅੱਖਰ ਦਰਸਾਉਂਦਾ ਹੈ?

1) E 2) D
3) C 4) F

20. ਸਕੂਲ ਅਧਿਆਪਕ ਜੋ ਨਾਂ ਤਾ ਵਿਆਹੇ ਹਨ ਅਤੇ ਨਾਂ ਹੀ ਪਿੰਡਾਂ ਵਿੱਚ ਰਹਿੰਦੇ ਹਨ ਨੂੰ ਕਿਹੜਾ ਅੱਖਰ ਦਰਸਾਉਂਦਾ ਹੈ?

1) F 2) E
3) A 4) B

21. ਪਿੰਡਾਂ ਵਿੱਚ ਰਹਿੰਦੇ ਲੋਕ ਜੋ ਨਾਂ ਵਿਆਹੇ ਹੋਣ ਅਤੇ ਨਾਂ ਹੀ ਸਕੂਲ ਅਧਿਆਪਕ ਵਜੋਂ ਕੰਮ ਕਰਦੇ ਹੋਣ

1) A 2) F
3) E 4) D


**ਨਿਰਦੇਸ਼ - ਪ੍ਰਸ਼ਨ (22-24) ਵਿੱਚ ਪ੍ਰਸ਼ਨ ਚਿੰਨ੍ਹ ਦੀ ਜਗ੍ਹਾ ਲਈ ਵਿਕਲਪ ਦੀ ਚੋਣ ਕਰੋ।**

22.

| | | |
|---|---|---|
| 3C | 27D | 9E |
| 7I | 21K | 3M |
| 4D | ? | 7J |

1) 11E 2) 28G
3) 35I 4) 48F

23.




1) 25 2) 40
3) 29 4) 47

24. 7 * 1 = 64
3 * 9 = 144
5 * 6 = ?

1) 22 2) 55
3) 66 4) 121

**ਨਿਰਦੇਸ਼ – ਪ੍ਰਸ਼ਨ (25-26) ਵਿੱਚ ਇੱਕ ਵਿਅਕਤੀ ਕੋਲ A, B, C, D, E ਪੰਜ ਵਸਤੂਆਂ ਹਨ, ਜਿਨ੍ਹਾਂ ਦਾ ਭਾਰ ਭਿੰਨ–ਭਿੰਨ ਹੈ।**

1) A ਦਾ ਭਾਰ B ਨਾਲੋਂ ਦੁਗਣਾ ਹੈ।
2) B ਦਾ ਭਾਰ C ਨਾਲੋਂ ਸਾਢੇ ਚਾਰ ਗੁਣਾ ਜ਼ਿਆਦਾ ਹੈ।
3) C ਦਾ ਭਾਰ D ਦੇ ਭਾਰ ਤੋਂ ਅੱਧਾ ਹੈ।
4) D ਦਾ ਭਾਰ E ਦੇ ਭਾਰ ਨਾਲੋਂ ਅੱਧਾ ਹੈ।
5) E ਦਾ ਭਾਰ, A ਤੋਂ ਘੱਟ ਪਰ C ਤੋਂ ਜ਼ਿਆਦਾ ਹੈ।

25. ਸਭ ਤੋਂ ਭਾਰੀ ਵਸਤੂ ਕਿਹੜੀ ਹੈ?
1) A 2) B
3) C 4) D

26. ਸਭ ਤੋਂ ਹਲਕੀ ਵਸਤੂ ਕਿਹੜੀ ਹੈ,
1) A 2) C
3) D 4) E

**ਨਿਰਦੇਸ਼ – ਪ੍ਰਸ਼ਨ (27-29) ਵਿੱਚ ਦਿੱਤਾ ਗਿਆ ਸਵਾਲ ਜਮ੍ਹਾਂ ਤੇ ਅਧਾਰਿਤ ਹੈ, ਅੰਗ੍ਰੇਜ਼ੀ ਦੇ ਇੱਕ ਅੱਖਰ ਲਈ ਸਿਰਫ ਇੱਕ ਹੀ ਕੀਮਤ ਹੈ ਅਤੇ ਇੱਕ ਹੀ ਕੀਮਤ ਲਈ ਸਿਰਫ ਇੱਕ ਹੀ ਅੱਖਰ ਹੈ। ਜੇਕਰ E = 4 ਹੋਵੇ ਤਾਂ –**

$$\begin{array}{r} L\ E\ T \\ +\ T\ H\ E \\ \hline L\ O\ S\ S \\ \hline \end{array}$$

27. O ਦੀ ਕੀਮਤ ਕੀ ਹੈ?
1) 3 2) 1
3) 0 4) 2

28. S ਦੀ ਕੀਮਤ ਕੀ ਹੈ?
1) 8 2) 6
3) 4 4) 2

29. L ਦੀ ਕੀਮਤ ਕੀ ਹੈ?
1) 0 2) 1
3) 2 4) 7


**ਨਿਰਦੇਸ਼ – ਪ੍ਰਸ਼ਨ (30-32) ਵਿੱਚ ਇੱਕ ਲੱਕੜੀ ਦੇ ਘਣ ਨੂੰ ਸਾਰੇ ਪਾਸਿਆਂ ਤੋਂ ਨੀਲੇ ਰੰਗ ਨਾਲ ਰੰਗਿਆ ਗਿਆ ਹੈ। ਹਰੇਕ ਪਾਸਾ 4 ਸੈ:ਮੀ: ਹੈ। ਇਸ ਨੂੰ 1 ਸੈ:ਮੀ: ਵਾਲੇ ਛੋਟੇ ਘਣਾਂ ਵਿੱਚ ਕੱਟਿਆ ਗਿਆ ਹੈ। ਇਸ ਤੇ ਅਧਾਰਿਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।**

30. ਦੋ ਪਾਸਿਆਂ ਤੋਂ ਰੰਗੇ ਗਏ ਛੋਟੇ ਘਣਾਂ ਦੀ ਗਿਣਤੀ ਕਿੰਨੀ ਹੈ?
1) 8 2) 16
3) 24 4) 64

31. ਜਿੰਨ੍ਹਾਂ ਛੋਟੇ ਘਣਾਂ ਦੇ ਕਿਸੇ ਵੀ ਪਾਸੇ ਕੋਈ ਰੰਗ ਨਹੀਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ?
1) 8 2) 12
3) 16 4) 24


32. ਉਨ੍ਹਾਂ ਛੋਟੇ ਘਣਾਂ ਦੀ ਗਿਣਤੀ ਕਿੰਨੀ ਹੈ ਜਿੰਨ੍ਹਾਂ ਦੇ ਤਿੰਨ ਪਾਸੇ ਰੰਗ ਹੈ?
1) 4 2) 6
3) 8 4) 16

33. ਚਿੱਤਰ ਵਿੱਚ ਕਿੰਨੇ ਆਇਤ ਹਨ।




1) 6 2) 7
3) 8 4) 9

34. ਚਿੱਤਰ ਵਿੱਚ ਕਿੰਨੀਆਂ ਤ੍ਰਿਭੁਜਾ ਹਨ?



1) 8 2) 10
3) 12 4) 14

35. ਦਿੱਤੇ ਗਏ ਚਿੱਤਰ ਦਾ ਡੱਬਾ ਬਣਾ ਲਿਆ ਜਾਵੇ ਤਾਂ '3' ਦੇ ਸਾਹਮਣੇ ਕਿਹੜਾ ਅੰਕ ਆਵੇਗਾ?




1) 1     2) 2
3) 4     4) 5

36. ਇੱਕ ਵਿਅਕਤੀ ਕੋਲ ਕੁੱਲ 4800 ਰੁਪਏ ਹਨ, ਜਿਨ੍ਹਾਂ ਵਿੱਚ 10 ਰੁਪਏ, 50 ਰੁਪਏ ਅਤੇ 100 ਰੁਪਏ ਦੇ ਨੋਟ ਹਨ। ਤਿੰਨੋ ਤਰ੍ਹਾਂ ਦੇ ਨੋਟਾਂ ਦੀ ਗਿਣਤੀ ਬਰਾਬਰ ਹੈ। ਦੱਸੋ ਉਸ ਕੋਲ ਕੁੱਲ ਕਿੰਨੇ ਨੋਟ ਹਨ?

1) 45     2) 60
3) 75     4) 90

37. ਸ਼ਬਦਾਂ ਦੇ ਮਤਲਬਾਂ ਨੂੰ ਮੁਖ ਰੱਖਦੇ ਹੋਏ ਪ੍ਰਸ਼ਨ ਕਿਸ ਤਰ੍ਹਾਂ ਲਿਖਿਆ ਜਾ ਸਕਦਾ ਹੈ? ਉੱਤਰ ਦਿਓ।

(a) ਰਸੋਈ (b) ਖੇਤ (c) ਪਲੇਟ (d) ਦੁਕਾਨ

1) abcd     2) dcba
3) bdac     4) bacd

38. ਜੇਕਰ 1985 ਵਿੱਚ ਗਣਤੰਤਰ ਦਿਵਸ ਸ਼ੁੱਕਰਵਾਰ ਨੂੰ ਮਨਾਇਆ ਗਿਆ ਹੋਵੇ ਤਾਂ ਦੱਸੋ 1986 ਵਿੱਚ ਗਣਤੰਤਰ ਦਿਵਸ ਕਿਹੜੇ ਦਿੰਨ ਮਨਾਇਆ ਗਿਆ ਹੋਵੇਗਾ?

1) ਵੀਰਵਾਰ     2) ਸ਼ਨਿੱਚਰਵਾਰ
3) ਐਤਵਾਰ     4) ਸ਼ੁੱਕਰਵਾਰ

39. ਘੜੀ ਦੀਆਂ ਮਿੰਟਾਂ ਅਤੇ ਘੰਟਿਆਂ ਵਾਲੀਆਂ ਸੂਈਆਂ ਇੱਕ ਦੂਜੀ ਦੇ ਸਾਹਮਣੇ (ਸਿੱਧੀ ਰੇਖਾ ਵਿੱਚ) ਇੱਕ ਦਿੰਨ ਵਿੱਚ ਕਿੰਨੀ ਵਾਰੀ ਆਉਂਦੀਆਂ ਹਨ?


1) 12     2) 24
3) 10     4) 22

40. ਦਿੱਤੀ ਗਈ ਅੰਕਾਂ ਦੀ ਲੜੀ 2, 3, 5, 7, 9, 11, 13, 17 ਵਿੱਚ ਕਿਹੜਾ ਅੰਕ ਭਿੰਨ ਹੈ?


1) 7     2) 9
3) 5     4) 13

**ਨਿਰਦੇਸ਼ – ਪ੍ਰਸ਼ਨ (41-42) ਵਿੱਚ ਚਿੱਤਰ 'X' ਦਿੱਤੇ ਗਏ ਚਾਰ ਚਿੱਤਰਾਂ ਵਿੱਚੋਂ ਕਿਸ ਵਿੱਚ ਛੁਪਿਆ ਹੋਇਆ ਹੈ?**

41.




(X)




1    2    3    4

42.




(X)




1    2    3    4

**ਨਿਰਦੇਸ਼ – ਪ੍ਰਸ਼ਨ (43-44) ਦਿੱਤੇ ਹੋਏ ਪ੍ਰਸ਼ਨ ਚਿੱਤਰ ਵਿੱਚ ਬਿੰਦੂ ਲਗਾਏ ਗਏ ਹਨ, ਸਾਹਮਣੇ ਦਿੱਤੇ ਗਏ ਚਾਰ ਚਿੱਤਰਾਂ ਵਿੱਚੋਂ ਇੱਕ ਚਿੱਤਰ ਚੁਣੋ ਜੋ ਦਿੱਤੇ ਗਏ ਪ੍ਰਸ਼ਨ ਚਿੱਤਰ ਵਿੱਚ ਬਿੰਦੂਆਂ ਦੇ ਸਥਾਨਾਂ ਅਨੁਸਾਰ ਸ਼ਰਤਾਂ ਪੂਰੀਆਂ ਕਰਦਾ ਹੋਵੇ।**

43.




ਪ੍ਰਸ਼ਨ ਚਿੱਤਰ




1    2    3    4

44.




ਪ੍ਰਸ਼ਨ ਚਿੱਤਰ




1 2 3 4

45. ਪਾਣੀ ਵਿੱਚ ਵੇਖਣ ਤੇ ਚਿੱਤਰ 'x' ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਕਿਹੋ ਜਿਹਾ ਨਜ਼ਰ ਆਵੇਗਾ?




(X)




1 2 3 4

46. ਸ਼ੀਸ਼ੇ ਵਿੱਚ ਵੇਖਣ ਤੇ ਚਿੱਤਰ 'x' ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਕਿਹਾ ਜਿਹਾ ਨਜ਼ਰ ਆਵੇਗਾ?




(X)




1 2 3 4

**ਨਿਰਦੇਸ਼ – ਪ੍ਰਸ਼ਨ (47-48) ਵਿੱਚ ਇੱਕ ਅਧੂਰਾ ਚਿੱਤਰ 'x' ਦਿੱਤਾ ਗਿਆ ਹੈ। ਚਿੱਤਰ ਨੂੰ ਪੂਰਾ ਕਰਨ ਲਈ ਵਿਕਲਪ 1 ਤੋਂ 4 ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।**

47.




(X)




1 2 3 4

48.




(X)




1 2 3 4

49. ਪ੍ਰਸ਼ਨ ਚਿੱਤਰ ਵਿੱਚ ਦਿੱਤੀ ਗਈ ਲੜੀ ਨੂੰ ਪੂਰਾ ਕਰਨ ਲਈ ਉੱਤਰ ਚਿੱਤਰ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।

ਪ੍ਰਸ਼ਨ ਚਿੱਤਰ




ਉੱਤਰ ਚਿੱਤਰ



1 2 3 4


50. ਚਿੱਤਰ ਵਿੱਚ ਦਿੱਤੇ ਗਏ ਚਿੱਤਰਾਂ A ਅਤੇ B ਵਿੱਚ ਆਪਸ ਵਿੱਚ ਕੋਈ ਸੰਬੰਧ ਸਥਾਪਿਤ ਹੈ। ਉਸੇ ਹੀ ਸੰਬੰਧ ਅਨੁਸਾਰ C ਅਤੇ D ਵਿੱਚ ਸੰਬੰਧ ਸਥਾਪਿਤ ਕਰਕੇ D ਦੀ ਜਗ੍ਹਾ ਲਈ ਸਹੀ ਵਿਕਲਪ ਦੀ ਚੋਣ ਕਰੋ।

ਪ੍ਰਸ਼ਨ ਚਿੱਤਰ




A B C D

ਉੱਤਰ ਚਿੱਤਰ



1 2 3 4

## PART - 2

51. ਅੱਖਾਂ ਦਾ ਇਹ ਦੋਸ਼ ਚਸ਼ਮਿਆਂ ਰਾਹੀਂ ਠੀਕ ਨਹੀਂ ਹੋ ਸਕਦਾ।
    1) ਨਿਕਟ ਦ੍ਰਿਸ਼ਟੀ ਦੋਸ਼ 2) ਦੂਰ ਦ੍ਰਿਸ਼ਟੀ ਦੋਸ਼
    3) ਜਰਾ ਦੂਰ ਦ੍ਰਿਸ਼ਟੀ ਦੋਸ਼ 4) ਮੋਤਿਆ ਬਿੰਦ

52. ਗੋਲਾਕਾਰ ਦਰਪਣ ਅਤੇ ਇਕ ਪਤਲੇ ਗੋਲਾਕਾਰ ਲੈਨਜ਼ ਦੋਵਾਂ ਦੀ ਫੋਕਸ ਦੂਰੀ –10 ਸੈਂਟੀ ਮੀਟਰ ਹੋਵੇ ਤਾਂ
    1) ਦੋਵੇਂ ਅਵਤਲ ਹਨ
    2) ਦੋਵੇਂ ਉੱਤਲ ਹਨ
    3) ਦਰਪਣ ਅਵਤਲ ਹੈ ਪਰੰਤੂ ਲੈਨਜ਼ ਉੱਤਲ ਹੈ
    4) ਦਰਪਣ ਉੱਤਲ ਹੈ ਪਰ ਲੈਨਜ਼ ਅਵਤਲ ਹੈ

53. ਟਿੰਡਲ ਪ੍ਰਭਾਵ ਕਿਸ ਨਾਲ ਸੰਬਧਤ ਹੈ।
    1) ਪ੍ਰਕਾਸ਼ ਦਾ ਪਰਾਵਰਤਨ (reflection)
    2) ਪ੍ਰਕਾਸ਼ ਦਾ ਅਪਰਵਤਨ (refraction)
    3) ਪ੍ਰਕਾਸ਼ ਦਾ ਵਿਖੇਪਣ
    4) ਪ੍ਰਕਾਸ਼ ਦਾ ਖਿਲਾਰ (scattering)

54. ਤਿੰਨ ਪ੍ਰਤਿਰੋਧ ਜਿਨਾਂ ਵਿੱਚੋਂ ਹਰ ਇਕ 4 ਓਹਮ ਦਾ ਹੈ ਇਹਨਾਂ ਨੂੰ ਕਿਵੇਂ ਸੰਯੋਜਿਤ ਕੀਤਾ ਜਾਵੇ ਤਾਂ ਜੋ ਕੁੱਲ ਪ੍ਰਤਿਰੋਧ 6 ਓਹਮ ਦਾ ਹੋਵੇ।
    1) ਸਮਾਨਾਂਤਰਬਧ
    2) ਲੜੀਬਧ
    3) ਦੋ ਸਮਾਨਾਂਤਰ ਅਤੇ ਤੀਸਰਾ ਉਹਨਾਂ ਦੇ ਸੰਯੋਜਨ ਨਾਲ ਲੜੀਬਧ
    4) ਦੋ ਲੜੀਬਧ ਅਤੇ ਤੀਸਰਾ ਉਹਨਾਂ ਦੇ ਸੰਯੋਜਨ ਨਾਲ ਸਮਾਨਾਂਤਰਬਧ

55. ਹੇਠ ਲਿਖਿਆਂ ਵਿੱਚੋਂ ਕਿਹੜਾ ਗੁਣ ਬਦਲਦਾ ਹੈ ਜਦੋਂ ਇਕ ਪ੍ਰੋਟਾਨ ਸੁਤੰਤਰ ਰੂਪ ਵਿੱਚ ਇਕ ਚੁੰਬਕੀ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ।
    1) ਪੁੰਜ 2) ਗਤੀ
    3) ਵੇਗ 4) ਚਾਰਜ

56. ਤਾਂਬੇ ਦੀ ਇਕ ਆਇਤਕਾਰ ਕੁੰਡਲੀ ਕਿਸੇ ਚੁੰਬਕੀ ਖੇਤਰ ਵਿੱਚ ਘੁੰਮਣ ਗਤੀ ਕਰ ਰਹੀ ਹੈ ਇਸ ਕੁੰਡਲੀ ਵਿੱਚ ਪ੍ਰਵਾਹਿਤ ਬਿਜਲੀ ਧਾਰਾ ਦੀ ਦਿਸ਼ਾ ਵਿੱਚ ਕਿੰਨੇ ਘੁੰਮਣ ਚਕਰਾਂ ਪਿਛੋਂ ਪਰਿਵਰਤਨ ਹੁੰਦਾ ਹੈ।
    1) ਦੋ 2) ਇਕ
    3) ਅੱਧੇ 4) ਚੌਥਾਈ

57. ਕਿਸੇ ਇਮਾਰਤ ਦੀਆਂ ਅਲਗ-ਅਲਗ ਮੰਜਿਲਾਂ ਤੋਂ ਗੇਂਦ ਸੁਟਣ ਤੇ ਉਹ ਧਰਤੀ ਦੀ ਸਤ੍ਹਾ ਨਾਲ ਕ੍ਰਮਵਾਰ 2 ਸੈਕਿੰਡ ਅਤੇ 3 ਸੈਕਿੰਡ ਵਿਚ ਸਪਰਸ਼ ਕਰਦਾ ਹੈ ਇਹਨਾਂ ਮੰਜਿਲਾਂ ਦੀ ਧਰਤੀ ਤੋਂ ਲਗਭਗ ਉਚਾਈ ਹੋਵੇਗੀ।
    1) 10 ਮੀਟਰ ਅਤੇ 15 ਮੀਟਰ
    2) 20 ਮੀਟਰ ਅਤੇ 45 ਮੀਟਰ
    3) 25 ਮੀਟਰ ਅਤੇ 45 ਮੀਟਰ
    4) 5 ਮੀਟਰ ਅਤੇ 15 ਮੀਟਰ

58. 1.6 ਕੂਲਮ ਚਾਰਜ ਵਿਚ ਕਿੰਨੇ ਇਲੈਕਟ੍ਰਾਨ ਹੁੰਦੇ ਹਨ?
    1) $10^{17}$ 2) $10^{18}$
    3) $10^{19}$ 4) $10^{20}$

59. ਕਿਸੇ ਝੂਲੇ ਤੇ ਝੂਲਦੇ ਸਮੇਂ ਜਦੋਂ ਇਕ ਲੜਕੀ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਵਲ ਜਾਂਦੀ ਹੈ ਤਾਂ ਹੇਠ ਲਿਖੇ ਵਿਚੋਂ ਕਿਹੜਾ ਕਥਨ ਸਹੀ ਹੈ।
    ੳ) ਸਥਿਤਜ ਊਰਜਾ ਦਾ ਗਤਿਜ ਊਰਜਾ ਅਤੇ ਫਿਰ ਸਥਿਤਜ ਊਰਜਾ ਵਿਚ ਰੂਪਾਂਤਰਨ ਹੁੰਦਾ ਹੈ
    ਅ) ਗਤਿਜ ਊਰਜਾ ਦਾ ਸਥਿਤਜ ਊਰਜਾ ਅਤੇ ਫਿਰ ਗਤਿਜ ਊਰਜਾ ਵਿਚ ਰੂਪਾਂਤਰਨ ਹੁੰਦਾ ਹੈ
    ੲ) ਝੂਲਦੇ ਸਮੇਂ ਕਿਸੇ ਤਰਾਂ ਦੀ ਊਰਜਾ ਦਾ ਪਰਿਵਰਤਨ ਨਹੀਂ ਹੁੰਦਾ
    ਸ) ਝੂਲਦੇ ਸਮੇਂ ਯਾਂਤਰਿਕ ਊਰਜਾ ਸਥਿਰ ਰਹਿੰਦੀ ਹੈ
    1) ਸ 2) ਅ ਅਤੇ ਸ
    3) ੲ ਅਤੇ ਸ 4) ੳ ਅਤੇ ਸ

60. ਵਸਤੂ ਦੁਆਰਾ ਕੀਤਾ ਗਿਆ ਕਾਰਜ ਕਿਸ ਉਪਰ ਨਿਰਭਰ ਨਹੀਂ ਕਰਦਾ।
    1) ਵਿਸਥਾਪਨ
    2) ਲਗਾਇਆ ਗਿਆ ਬਲ
    3) ਵਿਸਥਾਪਨ ਅਤੇ ਲਗਾਏ ਗਏ ਬਲ ਵਿਚਕਾਰ ਕੋਣ
    4) ਵਸਤੂ ਦੀ ਅੰਤਰਿਕ ਗਤੀ

61. ਧੁਨੀ ਪੈਦਾ ਕਰਨ ਵਾਲੀ ਵਸਤੂ ਦੀ ਆਵ੍ਰਿਤੀ 100 Hz ਹੈ ਇਹ ਵਸਤੂ ਇਕ ਮਿੰਟ ਵਿਚ ਕਿੰਨੀਵਾਰ ਕੰਪਨ ਕਰੇਗੀ।
    1) 3000 ਪ੍ਰਤੀ ਮਿੰਟ 2) 6000 ਪ੍ਰਤੀ ਮਿੰਟ
    3) 2000 ਪ੍ਰਤੀ ਮਿੰਟ 4) 4000 ਪ੍ਰਤੀ ਮਿੰਟ

62. ਧੁਨੀ ਦਾ ਹਵਾ ਵਿਚ ਸੰਚਾਰ ਹੁੰਦਾ ਹੈ
    1) ਮਾਧਿਅਮ ਦੇ ਕਣਾਂ ਦਾ ਇੱਕ ਥਾਂ ਤੋਂ ਦੂਜੀ ਥਾਂ ਤੱਕ ਸੰਚਾਰ
    2) ਵਾਤਾਵਰਨ ਵਿੱਚ ਨਮੀ ਕਾਰਨ

3) ਮਾਧਿਅਮ ਦੇ ਕਣਾਂ ਦੀ ਹਰਕਤ ਕਾਰਨ
4) ਮਾਧਿਅਮ ਦੇ ਕਣਾਂ ਅਤੇ ਉਨ੍ਹਾਂ ਦੀ ਹਰਕਤ ਦਾ ਇੱਕ ਥਾਂ ਤੋਂ ਦੂਜੀ ਥਾਂ ਤੱਕ ਦਾ ਸੰਚਾਰ

63. ਹੇਠ ਲਿਖਿਆਂ ਵਿੱਚੋਂ ਕਿਹੜਾ ਪਦਾਰਥ ਪ੍ਰਕਾਸ਼ ਦੀ ਮੌਜੂਦਗੀ ਵਿੱਚ ਅਪਘਟਿਤ (decomposed) ਹੁੰਦਾ ਹੈ?
1) NaCl 2) KCl
3) AgCl 4) CuCl

64. ਜਦੋਂ ਪਾਣੀ ਵਿੱਚ ਪੋਟਾਸ਼ੀਅਮ ਪਰਮੈਂਗਨੇਟ ਦੇ ਰਵੇ ਰੱਖੇ ਜਾਂਦੇ ਹਨ ਤਾਂ ਬੀਕਰ ਦੇ ਸਾਰੇ ਪਾਣੀ ਦਾ ਰੰਗ ਆਪਣੇ ਆਪ ਜਾਮਣੀ (purple) ਹੋ ਜਾਂਦਾ ਹੈ। (ਹੇਠ ਲਿਖਿਆਂ ਵਿੱਚੋਂ ਕਿਸ ਪ੍ਰਕਿਰਿਆ ਕਾਰਨ ਹੁੰਦਾ ਹੈ)
1) ਕਰੋਮੈਟੋਗਰਾਫੀ (Chromatography)
2) ਕਸ਼ੀਦਣ (Distillation)
3) ਪ੍ਰਸਰਣ (diffusion)
4) ਜੌਹਰ ਉਡਾਉਣਾ ਪ੍ਰਕਿਰਿਆ (sublimation)

65. ਕਿਸੇ ਤੱਤ x ਦਾ ਪ੍ਰਮਾਣੂ ਅੰਕ 13 ਹੈ। ਉਸਦੇ $x^{+3}$ ਆਇਨ ਵਿੱਚ ਕਿੰਨੇ ਇਲੈਕਟ੍ਰਾਨ ਹੋਣਗੇ।
1) 11 2) 15
3) 16 4) 10

66. ਆਵਰਤੀ ਸਾਰਣੀ ਦੇ ਗਰੁੱਪ ਵਿੱਚ ਉੱਪਰ ਤੋਂ ਥੱਲ੍ਹੇ ਵੱਲ ਜਾਣ ਤੇ ਹੇਠ ਲਿਖਿਆ ਵਿੱਚੋਂ ਕਿਹੜਾ ਗੁਣ ਨਹੀਂ ਵੱਧਦਾ –
1) ਪ੍ਰਮਾਣੂ ਵਿਆਸ
2) ਧਾਤਵੀਂ ਗੁਣ
3) ਬਾਹਰਲੇ ਸ਼ੈੱਲ ਵਿੱਚ ਪਾਏ ਜਾਣ ਵਾਲੇ ਸੰਯੋਜਕ ਇਲੈਕਟ੍ਰਾਨ
4) ਪ੍ਰਮਾਣੂ ਦੇ ਸ਼ੈੱਲਾਂ ਦੀ ਸੰਖਿਆ

67. ਕਿਸੇ ਵਸਤੂ 'x' ਦਾ ਘੋਲ ਸਫੈਦੀ ਕਰਨ ਲਈ ਉਪਯੋਗ ਕੀਤਾ ਜਾਂਦਾ ਹੈ। ਵਸਤੂ x ਦਾ ਨਾਂ ਅਤੇ ਰਸਾਇਣਿਕ ਸੂਤਰ ਕੀ ਹੈ?
1) ਕੈਲਸ਼ੀਅਮ ਹਾਈਡਰੋਕਸਾਈਡ $Ca(OH)_2$
2) ਮੈਗਨੀਸ਼ੀਅਮ ਹਾਈਡਰੋਕਸਾਈਡ $Mg(OH)_2$
3) ਕੈਲਸ਼ੀਅਮ ਕਾਰਬੋਨੇਟ $CaCO_3$
4) ਸੋਡੀਅਮ ਹਾਈਡਰੋਕਸਾਈਡ NaOH

68. ਫੁੱਲਾਂ ਦੀਆਂ ਪੱਤੀਆਂ ਦੇ ਨਿਚੋੜ ਵਿੱਚੋਂ ਵੱਖ-ਵੱਖ ਵਰਣਕਾਂ ਨੂੰ ਵੱਖ ਕਰਨ ਦੀ ਵਿਧੀ ਕਿਹੜੀ ਹੈ?
1) ਕਰੋਮੈਟੋਗਰਾਫੀ 2) ਕਸ਼ੀਦਣ
3) ਜੌਹਰ ਉਡਾਉਣਾ 4) ਅੰਸ਼ਿਕ ਕਸ਼ੀਦਣ ਵਿਧੀ

69. ਤੱਤ X, $X_2O_3$ ਸੂਤਰ ਵਾਲਾ ਇੱਕ ਆਕਸਾਈਡ ਬਣਾਉਂਦਾ ਹੈ। ਇਹ ਤੱਤ X ਆਵਰਤੀ ਸਾਰਣੀ ਦੇ ਉਸ ਗਰੁੱਪ ਵਿੱਚ ਹੋਵੇਗਾ ਜਿਸ ਵਿੱਚ ਹੈ।
1) Na 2) Mg
3) Al 4) Si

70. ਆਵਰਤੀ ਸਾਰਣੀ ਦੇ ਪਹਿਲੇ ਗਰੁੱਪ ਵਿੱਚ ਕਿਸ ਤੱਤ ਦਾ ਪਰਮਾਣੂ ਅਰਧ ਵਿਆਸ ਸਭ ਤੋਂ ਛੋਟਾ ਅਤੇ ਸਭ ਤੋਂ ਵੱਡਾ ਹੈ?
1) Na, Rb 2) Mg, Cs
3) Na, Cs 4) Na, K

71. ਮਨਜੀਤ ਨੇ ਕਾਪਰ ਸਲਫੇਟ ਦੇ ਘੋਲ ਨੂੰ ਕਿਸ ਧਾਤ ਦੇ ਬਰਤਨ ਵਿੱਚ ਰਖਣਾ ਹੈ, ਉਸ ਕੋਲ ਇੱਕ ਕੱਪ ਜਿੰਕ ਦਾ, ਇੱਕ ਕੱਪ ਲੋਹੇ ਦਾ, ਇੱਕ ਕੱਪ ਚਾਂਦੀ ਹੈ। ਉਸਨੂੰ ਘੋਲ ਕਿਹੜੇ ਕੱਪ ਵਿੱਚ ਰੱਖਣਾ ਚਾਹੀਦਾ ਹੈ।
1) ਚਾਂਦੀ ਦੇ ਕੱਪ ਵਿੱਚ 2) ਲੋਹੇ ਵਿੱਚ
3) ਜਿੰਕ ਵਿੱਚ 4) ਤਿੰਨਾਂ ਵਿੱਚ

72. $3.011 x 10^{23}$ ਨਾਈਟਰੋਜਨ (N) ਪਰਮਾਣੂਆਂ ਦੀ ਸੰਖਿਆ ਦਾ ਪੁੰਜ ਕੀ ਹੋਵੇਗਾ?
1) 28g 2) 14g
3) 7g 4) 16g

73. ਫਲੋਰਾਈਡ ($F^-$) ਆਇਨ ਵਿੱਚ ਸੰਯੋਜਕ ਇਲੈਕਟ੍ਰਾਨਾਂ ਦੀ ਸੰਖਿਆ ਕੀ ਹੈ?
1) 8 2) 10
3) 11 4) 17

74. ਦਿਲ ਪੇਸ਼ੀ ਦੇ ਸੈੱਲ.................................ਹੁੰਦੇ ਹਨ।
1) ਗੋਲਾਕਾਰ, ਅਸ਼ਾਖਿਤ ਅਤੇ ਇੱਕ ਕੇਂਦਰਕ
2) ਅਵੇਲਣਕਾਰ, ਸ਼ਾਖਿਤ ਅਤੇ ਇੱਕ ਕੇਂਦਰਕ
3) ਵੇਲਣਾਕਾਰ, ਅਸ਼ਾਖਿਤ ਅਤੇ ਜਿਆਦਾ ਕੇਂਦਰਕ
4) ਵੇਲਣਾਕਾਰ, ਸ਼ਾਖਿਤ ਅਤੇ ਇੱਕ ਕੇਂਦਰਕ

75. ਹੇਠ ਲਿਖਿਆਂ ਵਿੱਚੋਂ ਕਿਹੜਾ ਨਰ ਪ੍ਰਜਣਨ ਪ੍ਰਣਾਲੀ ਦਾ ਹਿੱਸਾ ਨਹੀਂ ਹੈ?
1) ਪਤਾਲੂ 2) ਸ਼ੁਕਰਾਣੂ ਵਹਿਣੀ
3) ਅੰਡਕੋਸ਼ 4) ਸ਼ੁਕਰਾਣੂ

76. ਹੇਠ ਲਿਖਿਆਂ ਵਿੱਚੋਂ ਕਿਹੜਾ ਪੌਦਾ ਹਾਰਮੋਨ ਨਹੀ ਹੈ।
1) ਸਾਈਟੋਕਾਇਨਿੰਨ 2) ਜਿਬਰੇਲਿਨ
3) ਐਡਰੀਨਾਲਿਨ 4) ਆਕਸਿਨ

77. ਮਨੁੱਖ ਦੇ ਲਹੂ ਵਿੱਚ ਮਿਲਣ ਵਾਲੇ ਕਿਹੜੇ ਸੈੱਲ ਆਪਣੀ ਆਕ੍ਰਿਤੀ ਬਦਲ ਸਕਦੇ ਹਨ?
1) ਲਾਲ ਲਹੂ ਸੈੱਲ 2) ਸਫੇਦ ਲਹੂ ਸੈੱਲ
3) ਪਲੇਟਲੈਟਸ 4) ਪਲਾਜ਼ਮਾ

78. ਮਾਰੂਥਲੀ ਪੌਦਿਆਂ ਦੀ ਬਾਹਰੀ ਸਤ੍ਹਾ ਐਪੀਡਰਮਿਸ ਉੱਤੇ ਇੱਕ ਜਲਰੋਧੀ ਰਸਾਇਣਿਕ ਪਦਾਰਥ ਦਾ ਲੇਪ ਹੁੰਦਾ ਹੈ ਉਸ ਨੂੰ ਕੀ ਆਖਦੇ ਹਨ?
1) ਸੂਬੇਰਿਨ 2) ਸਕਲੈਰਨਕਾਈਮਾ
3) ਲਿਗਨਿਨ 4) ਕਿਊਟਿਨ

79. ਲਾਈਸੋਸੋਮ ਦੁਆਰਾ ਸੈੱਲ ਵਿੱਚ.........................ਹੁੰਦਾ ਹੈ।
1) ਭੋਜਨ ਰਸਧਾਨੀ 2) ਮਲ ਤਿਆਗ
3) ਸਾਹ ਕਿਰਿਆ 4) ਪਾਚਨ

80. ਜੜ ਅਤੇ ਤਣੇ ਦੀ ਮੋਟਾਈ ਕਿਸ ਟਿਸ਼ੂ ਕਰਕੇ ਵਧਦੀ ਹੈ।
1) ਐਪੀਕਲ ਵਿਭਾਜਨ ਯੋਗ ਟਿਸ਼ੂ
2) ਲੇਟਰਲ ਵਿਭਾਜਨ ਯੋਗ ਟਿਸ਼ੂ
3) ਇੰਟਰਕੇਲੇਰੀ ਵਿਭਾਜਨ ਯੋਗ ਟਿਸ਼ੂ
4) ਅੰਤਰ ਸੈਲੀ ਸਥਾਨ

81. ਕਿਹੜੀ ਮੱਛੀ ਦਾ ਪਿੰਜਰ ਸਿਰਫ ਪਸਲੀ ਦਾ ਬਣਿਆ ਹੁੰਦਾ ਹੈ?
1) ਸ਼ਾਰਕ ਮੱਛੀ 2) ਟੂਨਾ ਮੱਛੀ
3) ਰੋਹੂ ਮੱਛੀ 4) ਤਾਰਾ ਮੱਛੀ

82. ਪ੍ਰੋਕੈਰੀਉਟਸ ਦੀਆਂ ਦੋ ਉਦਾਹਰਨਾਂ ਹੇਠ ਲਿਖਿਆਂ ਵਿੱਚੋਂ ਕਿਹੜੀਆਂ ਹਨ?
1) ਜੀਵਾਣੂ ਅਤੇ ਨੀਲੀ ਹਰੀ ਕਾਈ
2) ਜੀਵਾਣੂ ਅਤੇ ਵਿਸਾਣੂ
3) ਕਾਈ ਅਤੇ ਵਿਸਾਣੂ
4) ਵਿਸਾਣੂ ਅਤੇ ਨੀਲੀ ਹਰੀ ਕਾਈ

83. ਰੀਉ ਪੌਦੇ ਦੀ ਪੱਤੀ ਦੀ ਝਿੱਲੀ ਨੂੰ ਪਾਣੀ ਵਿੱਚ ਰੱਖ ਕੇ ਸਲਾਈਡ ਬਣਾਣ ਤੇ ਉਸ ਨੂੰ ਸੂਖਮਦਰਸ਼ੀ ਹੇਠਾਂ ਦੇਖਣ ਤੇ ਉਸ ਵਿੱਚ ਛੋਟੇ-ਛੋਟੇ ਛੇਕ ਦਿਖਾਈ ਦੇਂਦੇ ਹਨ। ਇਨ੍ਹਾਂ ਛੇਕਾਂ ਨੂੰ ਕੀ ਕਹਿੰਦੇ ਹਨ?
1) ਕਲੋਰੋਪਲਾਸਟ 2) ਸਟੋਮੈਟਾ
3) ਗਾਲਜੀ ਕਇਆਵਾਂ 4) ਗੁਣਸੂਤਰ

84. ਥਾਇਰਾਕਸਿਨ ਹਾਰਮੋਨ ਬਣਾਉਣ ਲਈ ਕਿਹੜਾ ਤੱਤ ਜ਼ਰੂਰੀ ਹੈ?
1) ਫਲੋਰੀਨ 2) ਆਇਓਡੀਨ
3) ਕਲੋਰੀਨ 4) ਇੰਸੂਲਿਨ

85. ਕਾਇਕ ਪ੍ਰਜਣਨ ਵਿੱਚ ਪੌਦਿਆਂ ਦੇ ਕਿਸ ਭਾਗ ਤੋਂ ਨਵਾਂ ਪੈਦਾ ਬਣਦਾ ਹੈ?
1) ਤਣਾ, ਜੜ ਅਤੇ ਫੁੱਲ 2) ਤਣਾ, ਜੜ ਅਤੇ ਪੱਤੇ
3) ਤਣਾ, ਫੁੱਲ ਅਤੇ ਫਲ 4) ਤਣਾ, ਪੱਤੇ ਅਤੇ ਫੁੱਲ

86. ਵਾਯੂਮੰਡਲ ਦੀ ਸਭ ਤੋਂ ਹੇਠਲੀ ਤਹਿ ਨੂੰ ਕੀ ਕਹਿੰਦੇ ਹਨ?
1) ਸਮਤਾਪ ਮੰਡਲ 2) ਅਸਾਂਤੀ ਮੰਡਲ
3) ਅਧੋ ਮੰਡਲ 4) ਜਲ ਮੰਡਲ

87. ਹੇਠ ਲਿਖਿਆਂ ਵਿੱਚੋਂ ਕਿਹੜਾ ਸਮੁੰਦਰੀ ਤਲ ਦਾ ਭਾਗ ਨਹੀਂ ਹੈ?
1) ਮਹਾਂਦੀਪੀ ਢਲਾਣ 2) ਡੂੰਘੇ ਸਮੁੰਦਰੀ ਮੈਦਾਨ
3) ਸਮੁੰਦਰੀ ਖੱਡਾਂ 4) ਮਹਾਂਦੀਪੀ ਤਾਪਮਾਨ

88. ਸਟੈਲਕਟਾਈਟ ਅਤੇ ਸਟੈਲਗਮਾਈਟ ਕਿਸ ਕਾਰਕ ਦਾ ਨਤੀਜਾ ਹਨ?
1) ਹਵਾ 2) ਬਰਫ
3) ਭੂਮੀਗਤ ਜਲ 4) ਸਮੁੰਦਰੀ ਲਹਿਰਾਂ

89. ਪੰਜਾਬ ਦੇ ਕਿਹੜੇ ਸ਼ਹਿਰ ਨੂੰ 'ਇਲੈਕਟ੍ਰਾਨਿਕ ਨਗਰੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ?
1) ਪਠਾਨਕੋਟ 2) ਐਸ.ਏ.ਐਸ. ਨਗਰ (ਮੁਹਾਲੀ)
3) ਮਾਨਸਾ 4) ਬਠਿੰਡਾ

90. 'ਮੱਲੜ' ਕਿਸ ਨੂੰ ਕਹਿੰਦੇ ਹਨ?
1) ਇੱਕ ਕੀਟਨਾਸ਼ਕ ਦਵਾਈ
2) ਇੱਕ ਕਿਸਮ ਦੀ ਲੱਕੜ
3) ਬਨਸਪਤੀ ਅਤੇ ਜੀਵ ਜੰਤੂਆਂ ਦਾ ਗਲਿਆ ਸੜਿਆ ਪਦਾਰਥ
4) ਇੱਕ ਬਿਮਾਰੀ

91. ਸਾਲ 2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਅਬਾਦੀ ਕਿੰਨੇ ਕਰੋੜ ਹੈ?
1) 100 ਕਰੋੜ 2) 111 ਕਰੋੜ
3) 121 ਕਰੋੜ 4) 131 ਕਰੋੜ

92. ਅਰਾਵਲੀ ਪਰਬਤ ਹੇਠ ਲਿਖੇ ਰਾਜਾਂ ਵਿੱਚੋਂ ਕਿਸ ਰਾਜ ਵਿੱਚ ਮਿਲਦੇ ਹਨ?
1) ਪੰਜਾਬ 2) ਰਾਜਸਥਾਨ
3) ਗੋਆ 4) ਕੇਰਲ

93. ਪੰਜਾਬ ਦਾ ਖੇਤਰਫਲ ਕਿੰਨੇ ਵਰਗ ਕਿਲੋਮੀਟਰ ਹੈ?
1) 50362 2) 62350
3) 68000 4) 88752

94. 1904 ਈਸਵੀ ਵਿੱਚ ਸੀਮਿੰਟ ਦਾ ਪਹਿਲਾ ਕਾਰਖਾਨਾ ਭਾਰਤ ਦੇ ਕਿਹੜੇ ਸ਼ਹਿਰ ਵਿੱਚ ਲਗਾਇਆ ਗਿਆ?
1) ਕੋਲਕਾਤਾ 2) ਦਿੱਲੀ
3) ਜਲੰਧਰ 4) ਚੇਨੱਈ

95. ਸਾਡੇ ਦੇਸ਼ ਵਿੱਚ ਲੋਕ ਨਿਰਮਾਣ ਵਿਭਾਗ ਦਾ ਇੱਕ ਜ਼ਰੂਰੀ ਕੰਮ ਹੈ-
1) ਮੁਢਲੀਆਂ ਵਿਦਿਅਕ ਸਹੂਲਤਾਂ ਪ੍ਰਦਾਨ ਕਰਨਾ
2) ਸੜਕਾਂ ਦਾ ਨਿਰਮਾਣ ਤੇ ਸਾਂਭ-ਸੰਭਾਲ ਕਰਨੀ
3) ਵਸਤੂਆਂ ਦਾ ਨਿਰਯਾਤ ਕਰਨਾ
4) ਸਮੁੰਦਰੀ ਜਹਾਜਾਂ ਦਾ ਨਿਰਮਾਣ ਕਰਨਾ

96. ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਜੀ ਦਾ ਕੀ ਨਾਂ ਸੀ?
1) ਗੁਰੂ ਹਰਿਰਾਇ ਜੀ 2) ਗੁਰੂ ਅਰਜਨ ਦੇਵ ਜੀ
3) ਗੁਰੂ ਹਰਗੋਬਿੰਦ ਰਾਇ ਜੀ 4) ਗੁਰੂ ਤੇਗ ਬਹਾਦਰ ਜੀ

97. 'ਕਾਮਾਗਾਟਾ ਮਾਰੂ' ਜਹਾਜ਼ ਕਿਸ ਨੇਵੀਗੇਸ਼ਨ ਕੰਪਨੀ ਨਾਲ ਸੰਬੰਧਿਤ ਸੀ?
1) ਗੁਰੂ ਗੋਬਿੰਦ ਨੇਵੀਗੇਸ਼ਨ ਕੰਪਨੀ
2) ਗੁਰੂ ਨਾਨਕ ਨੇਵੀਗੇਸ਼ਨ ਕੰਪਨੀ
3) ਗਦਰ ਨੇਵੀਗੇਸ਼ਨ ਕੰਪਨੀ
4) ਗੁਰੂ ਤੇਗ ਬਹਾਦਰ ਨੇਵੀਗੇਸ਼ਨ ਕੰਪਨੀ

98. ਪਹਿਲੇ ਐਂਗਲੋ ਸਿੱਖ ਯੁਧ ਤੋਂ ਬਾਅਦ 16 ਦਸੰਬਰ 1846 ਈ: ਨੂੰ ਕਿਹੜੀ ਸੰਧੀ ਹੋਈ?
1) ਭੈਰੋਵਾਲ ਦੀ ਸੰਧੀ 2) ਪੈਰਿਸ ਦੀ ਸੰਧੀ
3) ਲਾਹੌਰ ਦੀ ਸੰਧੀ 4) ਤ੍ਰੈਪੱਖੀ ਸੰਧੀ

99. ਦਿੱਲੀ ਨੂੰ ਭਾਰਤ ਦੀ ਰਾਜਧਾਨੀ ਕਿਸ ਨੇ ਬਣਾਇਆ?
1) ਲਾਰਡ ਵਿਲੀਅਮ ਬੈਂਟਿੰਕ ਨੇ
2) ਲਾਰਡ ਮਾਊਂਟਬੈਟਨ ਨੇ
3) ਲਾਰਡ ਹਾਰਡਿੰਗ ਨੇ
4) ਲਾਰਡ ਕਰਜ਼ਨ ਨੇ

100. ਗੁਰੂ ਨਾਨਕ ਦੇਵ ਜੀ ਬਨਾਰਸ ਵਿੱਚ ਕਿਸ ਨੂੰ ਮਿਲੇ?
1) ਪੰਡਿਤ ਚਤੁਰਦਾਸ 2) ਸ਼ਿਵਨਾਥ
3) ਸ਼ੇਖ ਬ੍ਰਹਮ 4) ਭਾਈ ਲਾਲੋ

101. 'ਮਾਈ ਮਲਵੈਣ' ਦਾ ਮਹਾਰਾਜਾ ਰਣਜੀਤ ਸਿੰਘ ਨਾਲ ਕੀ ਰਿਸ਼ਤਾ ਸੀ?
1) ਸੱਸ-ਜਵਾਈ 2) ਮਾਂ-ਪੁੱਤ
3) ਪਤੀ-ਪਤਨੀ 4) ਦਾਦੀ-ਪੋਤਾ

102. "ਅੰਗਰੇਜ਼ੀ ਸਰਕਾਰ ਜੂਨ, 1948 ਈ: ਤੱਕ ਭਾਰਤ ਛੱਡ ਜਾਵੇਗੀ।" ਇਹ ਘੋਸ਼ਣਾ ਕਿਸ ਨੇ ਕੀਤੀ ਸੀ –
1) ਵਿਲੀਅਮ ਬੈਂਟਿੰਕ ਨੇ 2) ਲਾਰਡ ਮਾਊਂਟਬੈਟਨ ਨੇ
3) ਐਟਲੀ ਨੇ 4) ਲਾਰਡ ਕਰਜ਼ਨ ਨੇ

103. ਸਰਹੰਦ, ਚੱਪੜਚਿੜੀ ਤੋਂ ਕਿੰਨੀ ਦੂਰ ਹੈ?
1) 12 ਕਿਲੋਮੀਟਰ 2) 16 ਕਿਲੋਮੀਟਰ
3) 10 ਕਿਲੋਮੀਟਰ 4) 14 ਕਿਲੋਮੀਟਰ

104. ਗੁਰੂ ਗੋਬਿੰਦ ਰਾਏ ਜੀ ਦੀ ਦਸਤਾਰਬੰਦੀ ਕਿੱਥੇ ਹੋਈ?
1) ਪਟਨਾ 2) ਲਖਨੌਰ
3) ਅਨੰਦਪੁਰ ਸਾਹਿਬ 4) ਬਿਲਾਸਪੁਰ

105. ਚੱਕ ਨਾਨਕੀ ਦੀ ਨੀਂਹ ਕਦੋਂ ਰੱਖੀ ਗਈ?
1) 19 ਜੂਨ 1665 ਈ: 2) 29 ਜੂਨ 1667 ਈ:
3) 9 ਜੂਨ 1668 ਈ: 4) 19 ਮਈ 1666 ਈ:

106. ਭਾਰਤ ਵਿੱਚ ਪੰਚਾਇਤੀ ਰਾਜ ਦੀ ਸਥਾਪਨਾ ਸਭ ਤੋਂ ਪਹਿਲਾਂ ਕਿਹੜੇ ਰਾਜ ਵਿੱਚ ਕੀਤੀ ਗਈ ਸੀ?
1) ਪੰਜਾਬ 2) ਰਾਜਸਥਾਨ
3) ਉੱਤਰ ਪ੍ਰਦੇਸ਼ 4) ਮੇਘਾਲਿਆ

107. ਭਾਰਤੀ ਸੰਵਿਧਾਨ ਦੇ ਕਿਸ ਅਨੁਛੇਦ ਰਾਹੀਂ 'ਮੁਫਤ ਤੇ ਲਾਜ਼ਮੀ ਸਿੱਖਿਆ' ਦਾ ਅਧਿਕਾਰ ਦਿੱਤਾ ਗਿਆ ਹੈ ਤੇ ਇਹ ਕਿਸ ਮਨੁੱਖੀ ਅਧਿਕਾਰ ਅਧੀਨ ਹੈ?
1) ਅਨਛੇਦ 21-A, ਸਿੱਖਿਆ ਦਾ ਅਧਿਕਾਰ
2) ਅਨੁਛੇਦ 14, ਸਮਾਨਤਾ ਦਾ ਅਧਿਕਾਰ
3) ਅਨੁਛੇਦ 23, ਸਭਿਆਚਾਰਕ ਅਤੇ ਵਿੱਦਿਅਕ ਅਧਿਕਾਰ
4) ਅਨੁਛੇਦ 22, ਸੁਤੰਤਰਤਾ ਦਾ ਅਧਿਕਾਰ

108. ਦੇਸ਼ ਦੀ ਸੁਰੱਖਿਆ, ਵਿਦੇਸ਼ ਨੀਤੀ, ਸੰਧੀ ਸਮਝੌਤੇ ਵਰਗੇ ਮਹੱਤਵਪੂਰਣ ਵਿਸ਼ੇ ਕਿਸ ਸੂਚੀ ਅਧੀਨ ਆਉਂਦੇ ਹਨ?
1) ਸੰਘ ਸੂਚੀ
2) ਰਾਜ ਸੂਚੀ
3) ਸਮਵਰਤੀ ਸੂਚੀ
4) ਬਚੀਆਂ ਸ਼ਕਤੀਆਂ ਦੀ ਸੂਚੀ

109. ਹੇਠ ਲਿਖਿਆਂ ਵਿੱਚੋਂ ਕਿਹੜੀ ਸੰਸਥਾ ਸ਼ਹਿਰੀ ਸਥਾਨਕ ਸਵੈ-ਸ਼ਾਸਨ ਦੀ ਇਕਾਈ ਨਹੀਂ ਹੈ?
1) ਨਗਰ ਪਾਲਿਕਾ
2) ਨਗਰ ਨਿਗਮ
3) ਬਲਾਕ ਸੰਮਤੀ
4) ਨਗਰ ਕੌਂਸਲ

110. ਭਾਰਤੀ ਸੰਵਿਧਾਨ ਸਭਾ ਦੇ ਮੁੱਖੀ ਕੌਣ ਸਨ?
1) ਪੰਡਿਤ ਜਵਾਹਰ ਲਾਲ ਨਹਿਰੂ
2) ਡਾ. ਰਾਜਿੰਦਰ ਪ੍ਰਸਾਦ
3) ਡਾ. ਬੀ.ਆਰ. ਅੰਬੇਦਕਰ
4) ਮਹਾਤਮਾ ਗਾਂਧੀ

111. ਹੇਠ ਲਿਖੇ ਕਿਸ ਰਾਜ ਵਿੱਚ ਦੋ ਸਦਨੀ ਵਿਧਾਨ ਮੰਡਲ ਹੈ:
1) ਮਹਾਂਰਾਸ਼ਟਰ
2) ਪੰਜਾਬ
3) ਹਿਮਾਚਲ ਪ੍ਰਦੇਸ਼
4) ਹਰਿਆਣਾ

112. ਸੰਯੁਕਤ ਰਾਸ਼ਟਰ ਸੰਘ ਦੇ ਕਿਸ ਅੰਗ ਵਿੱਚ ਸਾਰੇ ਮੈਂਬਰ ਦੇਸ਼ ਸ਼ਾਮਲ ਹੁੰਦੇ ਹਨ?
1) ਸੱਕਤਰੇਤ
2) ਮਹਾਂਸਭਾ
3) ਸੁੱਰਖਿਆ ਪਰਿਸ਼ਦ
4) ਟਰਸਟੀਸ਼ਿਪ ਪਰਿਸ਼ਦ

113. ਲੋਕ ਸਭਾ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਕਿੰਨੇ ਮੈਂਬਰ ਲਏ ਜਾਂਦੇ ਹਨ?
1) 15
2) 7
3) 13
4) 10

114. ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਪ੍ਰਬੰਧ ਕਿਸ ਅਧੀਨ ਕੀਤਾ ਗਿਆ ਹੈ?
1) ਲੋਕ ਸਭਾ ਅਧੀਨ
2) ਰਾਜ ਸਭਾ ਅਧੀਨ
3) ਸਰਵ-ਉੱਚ ਅਦਾਲਤ ਅਧੀਨ
4) ਸੰਵਿਧਾਨ ਅਧੀਨ

115. ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਦੋਂ ਹੋਈ?
1) 1885 ਈ:
2) 1924 ਈ:
3) 1974 ਈ:
4) 1906 ਈ:

116. ਸਰਕਾਰ ਦੀ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਆਮਦਨ ਅਤੇ ਖਰਚ ਸਬੰਧੀ ਨਿਤੀ ਨੂੰ ਕੀ ਕਹਿੰਦੇ ਹਨ?
1) ਮੌਦ੍ਰਿਕ ਨੀਤੀ
2) ਆਰਥਿਕ ਵਿਕਾਸ ਨੀਤੀ
3) ਰਾਜ ਕੋਸ਼ੀ ਨੀਤੀ
4) ਉਚਿੱਤ ਮੁਲ ਨੀਤੀ

117. ਇਹਨਾਂ ਵਿੱਚੋਂ ਕਿਹੜਾ ਅਪ੍ਰੱਤਖ ਕਰ ਹੈ?
1) ਉਪਹਾਰ ਕਰ
2) ਆਮਦਨ ਕਰ
3) ਸੰਪਤੀ ਕਰ
4) ਮਨੋਰੰਜਨ ਕਰ

118. ਜਦੋਂ ਕਿਸੇ ਕੰਮ ਉੱਤੇ ਅਸਲ ਲੋੜ ਤੋਂ ਵੱਧ ਕਿਰਤੀ ਲਗੇ ਹੋਣ ਤਾਂ ਉਸ ਨੂੰ ਕਿਹੜੀ ਬੇਰੁਜ਼ਗਾਰੀ ਆਖਦੇ ਹਨ?
1) ਛੁਪੀ ਹੋਈ ਬੇਰੁਜ਼ਗਾਰੀ
2) ਇਛੁੱਕ ਬੇਰੁਜ਼ਗਾਰੀ
3) ਤਕਨੀਕੀ ਬੇਰੁਜ਼ਗਾਰੀ
4) ਮੌਸਮੀ ਬੇਰੁਜ਼ਗਾਰੀ

119. ਮੁਦਰਾ ਸਫੀਤੀ (Inflation) ਤੋਂ ਕੀ ਭਾਵ ਹੈ?
1) ਕੀਮਤ ਪੱਧਰ ਵਿੱਚ ਗਿਰਾਵਟ
2) ਕੀਮਤ ਵਿੱਚ ਸਥਿਰਤਾ
3) ਕੀਮਤ ਪੱਧਰ ਵਿੱਚ ਲਗਾਤਾਰ ਵਾਧਾ
4) ਮੁਦਰਾ ਦੀ ਪੂਰਤੀ

120. ਇਹਨਾਂ ਵਿੱਚੋਂ ਕਿਹੜੀ ਗਤੀਵਿਧੀ ਤੀਜੇ ਖੇਤਰ ਦੇ ਅਧੀਨ ਆਉਂਦੀ ਹੈ?
1) ਮੱਛੀ ਪਾਲਣ
2) ਬੀਮਾ ਸੇਵਾਵਾਂ
3) ਕੁਦਰਤੀ ਗੈਸ
4) ਜੰਗਲ ਸਬੰਧੀ

121. ਦੋ ਘਾਤੀ ਸਮੀਕਰਣ $4x^2+13x-k=0$ ਵਿੱਚ k ਦਾ ਮੁੱਲ ਪਤਾ ਕਰੋ ਜੇਕਰ ਇਸਦਾ ਇੱਕ ਮੂਲ ਦੂਸਰੇ ਮੂਲ ਦਾ ਗੁਣਾਤਮਕ ਉਲਟ ਹੋਵੇ।
1) 0
2) –4
3) 4
4) 13/4

122. 100 ਅਤੇ 1000 ਦੇ ਵਿੱਚਕਾਰ 7 ਨਾਲ ਭਾਜਯੋਗ ਸੰਖਿਆਵਾਂ ਦੀ ਗਿਣਤੀ ਪਤਾ ਕਰੋ।
1) 128
2) 7
3) 132
4) 127

123. $\sin^3\theta(1+\cot\theta)+\cos^3\theta(1+\tan\theta)$ ਦਾ ਮੁੱਲ ਕੀ ਹੋਵੇਗਾ?
1) $\sin\theta-\cos\theta$
2) 1
3) $\sin\theta\cos\theta$
4) $\sin\theta+\cos\theta$

124. 0.375 ਬਰਾਬਰ ਹੈ :-

1) $\frac{7}{3^5}$ 2) $\frac{3}{2^3}$

3) $\frac{3}{7^5}$ 4) $\frac{3^7}{5}$

125. $\sqrt{43+\sqrt[3]{32+\sqrt[4]{18+\sqrt{4}}}}$ ਨੂੰ ਹੱਲ ਕਰੋ।

1) 7 2) 6

3) 4 4) 8

126. ਕਿਸੇ ਤ੍ਰਿਭੁਜ ABC ਦੀਆਂ ਭੁਜਾਵਾਂ AB ਅਤੇ AC ਦੇ ਮੱਧ ਬਿੰਦੂਆਂ ਦੇ ਨਿਰਦੇਸ਼ ਅੰਕ ਕ੍ਰਮਵਾਰ (3, 5) ਅਤੇ (–3, –3) ਹਨ। $\Delta$ABC ਦੀ ਭੁਜਾ BC ਦੀ ਲੰਬਾਈ ਪਤਾ ਕਰੋ।

1) 20 ਇਕਾਈਆਂ 2) 10 ਇਕਾਈਆਂ

3) 15 ਇਕਾਈਆਂ 4) 30 ਇਕਾਈਆਂ

127. ਕਿਸੇ ਚੱਕਰ ਦੀ ਜੀਵਾ PQ ਨੂੰ ਵਧਾਉਣ 'ਤੇ ਇਹ ਚੱਕਰ ਦੀ ਸਪਰਸ਼ ਰੇਖਾ TR ਨੂੰ ਬਿੰਦੂ R ਉੱਤੇ ਕੱਟਦੀ ਹੈ। ਜੇਕਰ PQ=5 ਸਮ ਅਤੇ QR=4 ਸਮ ਹੋਵੇ ਤਾਂ TR ਦੀ ਲੰਬਾਈ ਪਤਾ ਕਰੋ।

1) 9 ਸਮ 2) 6 ਸਮ

3) 10 ਸਮ 4) 3 ਸਮ

128. ਦੋ ਪਾਸਿਆਂ (dice) ਨੂੰ ਇਕੱਠਾ ਸੁੱਟਿਆ ਜਾਂਦਾ ਹੈ। ਸੰਭਾਵਨਾ ਪਤਾ ਕਰੋ ਕਿ ਦੋਵਾਂ ਪਾਸਿਆਂ ਤੇ ਅਭਾਜ ਸੰਖਿਆ ਪ੍ਰਾਪਤ ਹੋਵੇ।

1) 1/3 2) 1/2

3) 1/4 4) 11/36

129. ਉਹ ਪਰਿਮੇਯ ਸੰਖਿਆ ਪਤਾ ਕਰੋ ਜਿਸਦਾ ਦਸ਼ਮਲਵ ਨਿਰੂਪਣ $2.01\overline{04}$ ਹੈ।

1) $\frac{19904}{9000}$ 2) $\frac{20104}{10000}$

3) $\frac{20104}{9000}$ 4) $\frac{19903}{9900}$

130. 'a' ਦਾ ਉਹ ਮੁੱਲ ਪਤਾ ਕਰੋ ਜਿਸ ਲਈ ਹੇਠ ਦਿੱਤੇ ਸਮੀਕਰਣਾਂ ਦੇ ਜੋੜੇ ਨੂੰ ਦਰਸਾਉਣ ਵਾਲੀਆਂ ਰੇਖਾਵਾਂ ਇੱਕ ਦੂਜੇ ਦੇ ਸਮਾਂਤਰ ਹੋਣ–

$2x+3y = 7$ ਅਤੇ

$(a-1)\,x + (a+1)\,y = 3a+1$

1) –1 2) 5

3) –5 4) 1

131. ਇੱਕ ਠੋਸ ਗੋਲੇ ਦੀ ਅਤੇ ਇੱਕ ਠੋਸ ਅਰਧ ਗੋਲੇ ਦੀ ਕੁੱਲ ਸਤ੍ਹਾ ਦਾ ਖੇਤਰਫਲ ਬਰਾਬਰ ਹਨ। ਇਨਾਂ ਠੋਸਾਂ ਦੇ ਆਇਤਨਾਂ ਦਾ ਅਨੁਪਾਤ ਪਤਾ ਕਰੋ।

1) $3\sqrt{3}:4$ 2) $\sqrt{3}:1$


3) $3\sqrt{3}:5$ 4) $1:\sqrt{3}$

132. ਜੇਕਰ ਕੁੱਝ ਅੰਕੜਿਆਂ ਦੀ ਮੱਧਿਕਾ (Median) 20.2 ਅਤੇ ਬਹੁਲਕ (Mode) 22.4 ਹੋਵੇ ਤਾਂ ਇਹਨਾਂ ਦਾ ਮੱਧਮਾਨ (Mean) ਪਤਾ ਕਰੋ।

1) 19.1 2) 19.5

3) 41.1 4) 41.5


133. ਦਿੱਤੇ ਚਿੱਤਰ ਵਿੱਚ, $\Delta$ABC ਇੱਕ ਸਮਕੋਣ ਤ੍ਰਿਭੁਜ ਹੈ, ਜਿੱਥੇ $\angle B=90°$ ਹੈ, AD ਅਤੇ CE ਤ੍ਰਿਭੁਜ ABC ਦੀਆਂ ਦੋ ਮੱਧਿਕਾਵਾਂ ਹਨ। ਜੇਕਰ AC=5 ਸਮ ਅਤੇ AD $=\frac{3\sqrt{5}}{2}$ ਸਮ ਹੋਵੇ ਤਾਂ CE ਦੀ ਲੰਬਾਈ ਪਤਾ ਕਰੋ।




1) $\frac{15\sqrt{5}}{2}$ ਸਮ 2) 20 ਸਮ

3) $2\sqrt{5}$ ਸਮ 4) 25 ਸਮ

134. ਦਿੱਤੇ ਚਿੱਤਰ ਵਿੱਚ, ਜੇਕਰ $\angle M = \angle Q = 60°$ ਹੋਵੇ ਤਾਂ $x$ ਦਾ ਮੁੱਲ ਪਤਾ ਕਰੋ।




1) $\frac{a}{2}$ 2) $\frac{b+c}{2}$

3) $\frac{ac}{b+c}$ 4) $\frac{b+c}{ac}$

135. ਬਿੰਦੂਆਂ (5, –6) ਅਤੇ (–1, –4) ਨੂੰ ਮਿਲਾਉਣ ਵਾਲੇ ਰੇਖਾਖੰਡ ਨੂੰ Y–ਧੁਰਾ ਕਿਸ ਅਨੁਪਾਤ ਵਿੱਚ ਵੰਡਦਾ ਹੈ?

1) 5:1 2) 2:3

3) 1:2 4) 2:7

136. ਦੋ ਅਜਿਹੀਆਂ ਲਗਾਤਾਰ ਟਾਂਕ ਧਨਾਤਮਕ ਸੰਖਿਆਵਾਂ ਪਤਾ ਕਰੋ, ਜਿਨ੍ਹਾਂ ਦੇ ਵਰਗਾਂ ਦਾ ਜੋੜ 290 ਹੋਵੇ।

1) 11, 13 2) 9, 11
3) 7, 9 4) 13, 15

137. ਜੇਕਰ $x+y=11, xy=24$ ਤਾਂ $x^2+y^2$ ਦਾ ਮੁੱਲ ਕੀ ਹੋਵੇਗਾ?

1) 121 2) 73
3) 48 4) 24

138. ਜੇਕਰ $x+\frac{1}{x}=\sqrt{3}$ ਹੋਵੇ ਤਾਂ $x^3+\frac{1}{x^3}$ ਦਾ ਮੁੱਲ ਕੀ ਹੋਵੇਗਾ?

1) $3\sqrt{3}$ 2) 3
3) 0 4) $\frac{1}{\sqrt{3}}$

139. ਇੱਕ ਚੱਕਰ ਦਾ ਅਰਧਵਿਆਸ 100 ਸਮ ਹੈ। ਜੇਕਰ ਇਸਦਾ ਅਰਧਵਿਆਸ 50% ਘਟਾ ਦਿੱਤਾ ਜਾਵੇ ਤਾਂ ਇਸ ਦੇ ਖੇਤਰਫਲ ਵਿੱਚ ਹੋਇਆ ਘਾਟਾ ਪ੍ਰਤੀਸ਼ਤ ਪਤਾ ਕਰੋ।

1) 50% 2) 25%
3) 100% 4) 75%

140. ਸੂਰਜ ਦਾ ਉਚਾਣ ਕੋਣ ਪਤਾ ਕਰੋ ਜਿਸ ਵੇਲੇ ਇੱਕ ਮੀਨਾਰ ਦੀ ਪਰਛਾਈ ਦੀ ਲੰਬਾਈ ਉਸ ਦੀ ਅਸਲੀ ਲੰਬਾਈ ਦੇ ਬਰਾਬਰ ਹੋਵੇ।

1) 30° 2) 45°
3) 60° 4) 75°

**141-145 Read the comprehension passage carefully and answer the following questions :-**

In modern times, we take mostly faulty and unbalanced diet like refined, synthetic and processed foods and also white flour, white sugar and foods with chemical additives. As a result, the digestive system of our body gets functionally disturbed. Stomach, which is the most important part of the digestive system, suffers mostly by the faulty diet. It becomes inactive with functioning of digestion in an improper manner.

By the digestion of faulty diet, the toxins start building up in the body. Due to this, the waste matter gets blocked and the process of digestion and assimilation slows down. The best known remedy of this problem is fasting. It is the oldest natural therapy which has been practiced since ancient times. Fasting in simple words, means living without food. The body also gets rest with less eating. Fasting improves digestion and tones up th entire system. The liver becomes active to remove toxic matter. Fasting also increases natural resistance to diseases.

141. Why does our digestive system gets disturbed?

1) Due to disease and disorders in the body.
2) Due to intake of faulty and unbalanced diet.
3) Due to inactivity.
4) Due to blockage of waste material.

142. How does stomach suffer if we consume faulty diet?

1) We suffer from stomach-ache.
2) We suffer from vomiting.
3) Stomach's functioning becomes slow.
4) Stomach becomes inactive.

143. 'It is the oldest natural therapy'. Here 'it' refers to

1) Food 2) Fasting
3) Diet 4) Remedy

144. Which organ helps the body to get rid of toxic waste?

1) Stomach 2) Digestive system
3) Liver 4) Intestines

145. The word 'assimilation' means

1) Dissimilarity 2) Indigestion
3) Combination 4) Absorption

**146-150. Choose the correct option to complete the sentence:-**

146. Many passengers.............................. when their ship hit an iceberg and sank.

1) Choked 2) Suffocated
3) Drowned 4) Capsized

147. This beautiful island has.......................... tourists from all over the world.

1) Attracted 2) Bewitched
3) Promoted 4) Forced

148. The robbers....................... their daggers under their coats.

1) Concealed 2) Confined
3) Vanished 4) Closed

149. I was........................ to see my old friend again after such a long time.

1) Astounded
2) Flabbergasted
3) Delighted
4) Deprived

150. A criminal is a person who..................... crimes.

1) Admits
2) Confesses
3) Commits
4) Condones

**151-154. Choose the correct phrasal verb in place of the underlined word :-**

151. The robbers <u>**moved towards**</u> us with a dagger.

1) Came round
2) Came at
3) Called upon
4) Ran after

152. The girl <u>**cried**</u> when she heard the bad news.

1) Passed off
2) Broke out
3) Burst out
4) Broke down

153. The principal was <u>**invited**</u> to give away the prizes.

1) Checked up
2) Called upon
3) Pointed out
4) Called out

154. It will take some time to <u>**solve**</u> the problem.

1) Work on
2) Go over
3) Work out
4) Clear away

**155-161 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:**

मज़दूरी करने से हृदय पवित्र होता है, संकल्प दिव्य लोकांतर में विचरते हैं। हाथ की मज़दूरी से ही सच्चे ऐश्वर्य की उन्नति होती है। जापान में मैंने ऐसी कलावती कन्याओं और स्त्रियों को देखा है कि वे रेशम के छोटे-छोटे टुकड़ों को अपनी दस्तकारी की बदौलत हज़ारों की कीमत का बना देती है; नाना प्रकार के प्राकृतिक पदार्थों और दृश्यों को अपनी सुई से कपड़े पर अंकित कर देती है। जापान निवासी कागज़, लकड़ी और पत्थर की बड़ी अच्छी मूर्तियाँ बनाते हैं तथा करोड़ों रुपये के हाथ के बने हुए जापानी खिलौने विदेशों में बिकते हैं, इसीलिए जापानी लोग विश्व में प्रसिद्ध हैं। हाथ की बनी हुई जापानी चीजें मशीन से बनी हुई चीजों को मात करती हैं। संसार के सब बाज़ारों में उनकी बड़ी माँग रहती है। पश्चिमी देशों के लोग हाथ की बनी हुई जापान की अद्भुत वस्तुओं पर जान देते हैं। एक जापानी तत्वज्ञानी का कथन है कि हमारी दस करोड़ उंगलियाँ सारे काम करती हैं। इन्हीं उँगलियों के बल से संभव है कि हम सम्पूर्ण जगत को जीत लें। जब तक धन और ऐश्वर्य की जन्मदात्री हाथ की कारीगरी की उन्नति नहीं होती, तब तक भारत ही क्या किसी भी देश या जाति की दरिद्रता दूर नहीं हो सकती। यदि भारत की करोड़ों नर-नारियों की उंगलियाँ मिलकर कारीगरी का काम करने लगें तो उनकी मज़दूरी की बदौलत कुबेर का महल उनके चरणों में अपने आप आ गिरे। अन्न पैदा करना तथा हाथ की कारीगरी और मेहनत से जड़ पदार्थों को चैतन्य-चिह्न से सुसज्जित करना, क्षुद्र पदार्थों को अमूल्य पदार्थों में बदल देना इत्यादि कौशल ब्रह्म रूप होकर धन ऐश्वर्य की सृष्टि करते हैं।

**155. मज़दूरी करने से क्या होता है?**

1) मज़दूरी करने से हृदय पवित्र होता है।
2) सच्चे ऐश्वर्य की उन्नति होती है।
3) संकल्प दिव्य लोकांतर में विचरते हैं।
4) उपर्युक्त तीनों विकल्प सही हैं।

**156. जापान की कलावती कन्याएं और स्त्रियाँ क्या करती हैं?**

1) वे रेशम के टुकड़ों को जोड़ती हैं।
2) वे रेशम के टुकड़ों को एकत्रित करती हैं।
3) वे रेशम के छोटे-छोटे टुकड़ों को हज़ारों की कीमत का बना देती हैं।
4) वे रेशम के टुकड़ों को सुंदर बना देती हैं।

**157. किसी देश और जाति की दरिद्रता किस प्रकार दूर हो सकती है?**

1) हाथ की कारीगरी की उन्नति करने से।
2) कागज़, लकड़ी और पत्थर की चीजें बनाने से।
3) हाथ के कारीगरों के अमीर होने से।
4) मज़दूरी करने से।

158. इस गद्यांश का उचित शीर्षक है –

1) मेहनत से जड़ बना चेतन
2) हाथ की कारीगरी : उन्नति का मार्ग
3) हाथों का कमाल
4) दस करोड़ लोगों की उंगलियों का कमाल

159. निम्नलिखित में से किस शब्द में 'ई' प्रत्यय का प्रयोग नहीं हुआ है?

1) जापानी
2) पश्चिमी
3) जाति
4) तत्वज्ञानी

160. 'उन्नति' शब्द का सही वर्ण – विच्छेद क्या होगा?

1) उ + न् + अ + ति
2) उ + न् + न् + अ + त् + इ
3) उ + न् + अ + त + इ
4) उ + न् + अ + न् + त + इ

161. 'बल' शब्द के अनेकार्थक शब्दों में से जो शब्द उपयुक्त नहीं है, उसे चुनिए।

1) शक्ति
2) सेना
3) बलराम
4) नियम

162-167 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:

मन की चंचलता मनुष्य को मनोरंजन के अनेक अवसर प्रदान करती है लेकिन इससे प्रगति के पथ पर आने वाली अनेक बाधाएँ जीवन को मुसीबत में डाल देती हैं। मनुष्य अपने कार्य में सफलता के लिए संकल्प करता है। वह जी - जान से उस कार्य में श्रम - साधना से जुट जाता है। सफलता सामने दिखने लगती है। आशा और विश्वास के साथ कार्य में जुटे व्यक्ति के मन की चंचलता थकान से परेशान इन्सान को आराम के गद्दों पर आनन्द का खेल शुरू करवाती है, तब आज का काम कल पर टालने की आदत को प्रोत्साहन मिलता है और व्यक्ति मौज - मस्ती की ज़िंदगी जीने लगता है। ऐसे में मन भटकता है और विश्वास टूट जाता है। आशा की किरण अंधकार में गुम हो जाती है। मन की चंचलता ने विश्राम और मौज - मस्ती के नाटक में मनुष्य के साथ ऐसा खेल रचा कि उसे अपने कार्य की सफलता के स्थान पर विफलता मिली। अत: प्रत्येक को मन की ऐसी चंचलता से बचना चाहिए।

162. सफलता के लिए क्या आवश्यक है?

1) संकल्प करना।
2) जी - जान से काम करना।
3) श्रम साधना करना।
4) उपर्युक्त तीनों विकल्प सही हैं।

163. विश्राम और मौज मस्ती में डूबे रहने से क्या होता है?

1) आशा की किरण मिलती है।
2) मानव को विफलता मिलती है।
3) कार्यकुशलता बढ़ती है।
4) मानव को सफलता मिलती है।

164. इस गद्यांश का उचित शीर्षक है –

1) मनोरंजन।  2) आशा और विश्वास।
3) चंचल मन।  4) मानव जीवन में बाधाएं।

165. निम्नलिखित में से कौन सा शब्द 'आनन्द' का पर्यायवाची शब्द नहीं है?

1) अलंकार।  2) प्रसन्नता।
3) उल्लास।  4) हर्ष।

166. निम्नलिखित में से 'प्रत्येक' शब्द का सही संधि – विच्छेद क्या है?

1) प्रति + ऐक  2) प्रती + एक
3) प्रत + येक  4) प्रति + एक

167. **निम्नलिखित में से 'संकल्प' शब्द का विपरीत (विलोम) क्या है?**

1) विपन्न 2) अल्प

3) विकल्प 4) विरक्त

**168-174 ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਅਨੁਸਾਰ ਦਿਉ:-**

**ਪੰਜਾਬ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ: ਪੰਜ+ਆਬ। 'ਆਬ' ਸ਼ਬਦ ਫਾਰਸੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ 'ਪਾਣੀ' ਭਾਵ ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਆਖਦੇ ਹਨ। ਇਹ ਪੰਜ ਦਰਿਆ ਹਨ ਸਤਲੁਜ, ਬਿਆਸ, ਰਾਵੀ, ਜਿਹਲਮ ਤੇ ਚਨਾਬ। ਪੁਰਾਣੇ ਸਮਿਆਂ ਵਿਚ ਦੋ ਦਰਿਆ ਸਿੰਧ ਅਤੇ ਸਰਸਵਤੀ ਨੂੰ ਪੰਜਾਬ ਦਾ ਹਿੱਸਾ ਮੰਨਿਆ ਜਾਂਦਾ ਸੀ ਇਸ ਲਈ ਪੰਜਾਬ ਨੂੰ 'ਸਪਤ ਸਿੰਧੂ' ਜਾਂ ਸਪਤ ਸਿੰਧੂ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਸੀ। ਇਸ ਤੋਂ ਬਾਅਦ ਪੰਜਾਬ ਦੇ ਕਈ ਨਾਮ ਪ੍ਰਚਲਿਤ ਰਹੇ ਜਿਨ੍ਹਾਂ ਵਿਚ ਪੰਚਾਲ, ਪੰਚਨਦ, ਮਦਰ ਦੇਸ, ਲਾਹੌਰ ਆਦਿ ਹਨ। ਪੰਜਾਬ ਕਿਉਂਕਿ ਦਰਿਆਵਾਂ ਦੀ ਧਰਤੀ ਹੈ; ਇਸ ਲਈ ਇੱਥੋਂ ਦੀ ਸੱਭਿਅਤਾ ਸੰਸਾਰ ਦੀਆਂ ਸਭ ਤੋਂ ਪੁਰਾਣੀਆਂ ਸੱਭਿਅਤਾਵਾਂ ਵਿਚੋਂ ਇਕ ਹੈ। ਮਿਸਰ ਦੀ ਸੱਭਿਅਤਾ ਵਾਂਗ ਹੀ ਹੜੱਪਾ ਅਤੇ ਮਹਿ-ਜੋ-ਦਾਰੋ ਦੀਆਂ ਸੱਭਿਅਤਾਵਾਂ ਪਾਣੀਆਂ ਦੇ ਕੰਢੇ ਵਿਕਸਤ ਹੋਈਆਂ।**

168. 'ਆਬ' ਸ਼ਬਦ ਦਾ ਅਰਥ ........................ ਹੈ।

1) ਬਿਆਸ 2) ਸਿੰਧ

3) ਪਾਣੀ 4) ਦਰਿਆ

169. ਕਿਹੜਾ ਦਰਿਆ ਪੰਜ ਦਰਿਆਵਾਂ ਵਿਚ ਨਹੀਂ ਆਉਂਦਾ?

1) ਬਿਆਸ 2) ਰਾਵੀ

3) ਚਨਾਬ 4) ਸਿੰਧ

170. ਪੰਜਾਬ ਦਾ ਕਿਹੜਾ ਨਾਮ ਪ੍ਰਚਲਿਤ ਨਹੀਂ ਰਿਹਾ?

1) ਮਿਸਰ 2) ਸਪਤ ਸਿੰਧੂ

3) ਪੰਚਨਦ 4) ਮਦਰ ਦੇਸ

171. ਨਿਮਨਲਿਖਿਤ ਵਿਚੋਂ ਦੁਨੀਆਂ ਦੀ ਪੁਰਾਣੀ ਸੱਭਿਅਤਾ ਹੈ:

1) ਸਪਤ-ਸਿੰਧੂ 2) ਹੜੱਪਾ

3) ਲਾਹੌਰ 4) ਪੰਚਨਦ

172. 'ਸਪਤ-ਸਿੰਧੂ' ਸ਼ਬਦ ਕਿਸ ਵਿਆਕਰਨਿਕ ਵੰਨਗੀ ਵਿਚ ਆਉਂਦਾ ਹੈ?

1) ਸਧਾਰਨ ਸ਼ਬਦ 2) ਮਿਸ਼ਰਤ ਸ਼ਬਦ

3) ਸੰਯੁਕਤ ਸ਼ਬਦ 4) ਧਾਤੂ ਸ਼ਬਦ

173. 'ਪੰਜਾਬ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ' ਵਾਕ ਵਿੱਚ ਉਦੇਸ਼ ਕਿਹੜਾ ਹੈ?

1) ਸੁਮੇਲ ਤੋਂ ਬਣਿਆ ਹੈ

2) ਪੰਜਾਬ ਸ਼ਬਦ

3) ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ

4) ਸ਼ਬਦ ਦੋ ਸ਼ਬਦਾਂ

174. 'ਸਪਤ ਸਿੰਧੂ' ਸਮੇਂ ਕਿਹੜਾ ਦਰਿਆ ਪੰਜਾਬ ਦੇ ਦਰਿਆਵਾਂ ਵਿਚ ਸ਼ਾਮਲ ਸੀ?

1) ਰਾਵੀ 2) ਜਿਹਲਮ

3) ਸਰਸਵਤੀ 4) ਬਿਆਸ

**175-180. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਅਨੁਸਾਰ ਦਿਉ:-**

**ਅੰਮ੍ਰਿਤਸਰ ਨੂੰ 'ਗੁਰੂ ਕੀ ਨਗਰੀ' ਕਹਿੰਦੇ ਹਨ। ਗੁਰੂ ਅਮਰਦਾਸ ਜੀ ਦੇ ਆਦੇਸ਼ 'ਤੇ ਗੁਰੂ ਰਾਮਦਾਸ ਜੀ ਨੇ 1574 ਈ: ਵਿੱਚ ਅੰਮ੍ਰਿਤਸਰ ਦੀ ਨੀਂਹ ਰੱਖੀ। ਸ੍ਰੀ ਦਰਬਾਰ ਸਾਹਿਬ ਵਾਲੇ ਸਰੋਵਰ ਦੀ ਖੁਦਾਈ ਗੁਰੂ ਰਾਮਦਾਸ ਜੀ ਨੇ 1577 ਈ: ਵਿੱਚ ਸ਼ੁਰੂ ਕਰਵਾਈ। ਗੁਰੂ ਅਰਜਨ ਦੇਵ ਜੀ ਨੇ 1586 ਈ: ਵਿਚ ਸਰੋਵਰ ਦੀ ਖੁਦਾਈ ਪੂਰੀ ਕਰਵਾ ਕੇ ਇਸ ਦੇ ਚਾਰੇ ਕਿਨਾਰੇ ਪੱਕੇ ਕਰ ਦਿੱਤੇ। ਅੰਮ੍ਰਿਤਸਰ ਦਾ ਪਹਿਲਾ ਨਾਂ 'ਗੁਰੂ ਕਾ ਚੱਕ' ਅਤੇ ਦੂਜਾ ਨਾਂ 'ਰਾਮਦਾਸਪੁਰ' ਸੀ। ਜਦੋਂ ਸਰੋਵਰ ਬਣ ਗਿਆ ਤਾਂ ਸ਼ਹਿਰ ਦਾ ਨਾਂ 'ਅੰਮ੍ਰਿਤਸਰ' ਪ੍ਰਸਿੱਧ ਹੋ ਗਿਆ।**

**ਸ਼ਹਿਰ ਦੀ ਉਸਾਰੀ ਅਤੇ ਉੱਨਤੀ ਲਈ ਗੁਰੂ ਅਰਜਨ ਦੇਵ ਜੀ ਨੇ 52 ਕਿੱਤਿਆਂ ਦੇ ਲੋਕ ਵਸਾਏ ਜਿਵੇਂ ਰਾਜ-ਮਿਸਤਰੀ, ਤਰਖਾਣ, ਲੁਹਾਰ, ਜੁਲਾਹੇ, ਠਠਿਆਰ, ਘੁਮਿਆਰ ਅਤੇ ਸੁਨਿਆਰ ਆਦਿ। ਸਰੋਵਰ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ 1588 ਈ: ਵਿਚ ਸ਼ੁਰੂ ਕੀਤੀ ਗਈ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਪੂਰੀ ਹੋਣ ਤੋਂ ਬਾਅਦ ਗੁਰੂ ਅਰਜਨ ਦੇਵ**

**ਜੀ ਨੇ ਇੱਥੇ 1604 ਈ: ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ।**

175. ਗੁਰੂ ਕੀ ਨਗਰੀ ਦਾ ਦੂਜਾ ਨਾਂ ਕੀ ਪ੍ਰਚਲਿਤ ਹੋਇਆ?

1) ਅੰਮ੍ਰਿਤਸਰ
2) ਗੁਰੂ ਕਾ ਚੱਕ
3) ਰਾਮਦਾਸਪੁਰ
4) ਸ੍ਰੀ ਹਰਿਮੰਦਰ ਸਾਹਿਬ

176. ਸਰੋਵਰ ਦੇ ਚਾਰੇ ਕਿਨਾਰੇ ਕਦੋਂ ਪੱਕੇ ਕੀਤੇ ਗਏ?

1) 1588 ਈ:
2) 1574 ਈ:
3) 1604 ਈ:
4) 1586 ਈ:

177. ਸ਼ਹਿਰ ਦੀ ਉਸਾਰੀ ਅਤੇ ਉੱਨਤੀ ਲਈ ਕੀ ਕੀਤਾ ਗਿਆ?

1) ਅੰਮ੍ਰਿਤਸਰ ਦੀ ਨੀਂਹ ਰੱਖੀ
2) ਸਰੋਵਰ ਬਣਾਇਆ
3) ਵੱਖ-ਵੱਖ ਕਿੱਤਿਆਂ ਦੇ ਲੋਕ ਵਸਾਏ
4) ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ

178. 'ਪ੍ਰਕਾਸ਼' ਸ਼ਬਦ ਵਿਚ 'ਪ' ਦੇ ਪੈਰ ਵਿਚ ਪਏ ਅੱਖਰ ਨੂੰ ............. ਆਖਦੇ ਹਨ?

1) ਦੁੱਤ ਵਿਅੰਜਨ
2) ਅਨੁਨਾਸਿਕ
3) ਸੁਰ
4) ਅਰਧ-ਸੁਰ

179. 'ਗੁਰੂ ਕਾ ਚੱਕ' ਕਿਹੜਾ ਨਾਂਵ ਹੈ?

1) ਭਾਵਵਾਚਕ ਨਾਂਵ
2) ਆਮ ਨਾਂਵ
3) ਖਾਸ ਨਾਂਵ
4) ਇਕੱਠਵਾਚਕ ਨਾਂਵ

180. ਸ਼ਹਿਰ ਦੀ ਉੱਨਤੀ ਲਈ ਕਿੰਨੇ ਕਿੱਤਿਆਂ ਦੇ ਲੋਕ ਵਸਾਏ ਗਏ?

1) 1604
2) 1577
3) 1588
4) 52